

ਹਰ ਦਿਨ ਪੰਜਾਬ ਭਰ 'ਚੋਂ ਅਦਾਰੇ ਨੂੰ ਮਿਲ ਰਹੇ ਪਿਆਰ ਅਤੇ ਸਹਿਯੋਗ ਦਾ ਦਿਲੋਂ ਧੰਨਵਾਦ

ਮੁੱਖ ਸੰਪਾਦਕ :- ਅਮਨਦੀਪ ਮਹਿਰਾ

ਰੋਜ਼ਾਨਾ ਸੱਚ ਤੇ ਨਿਡਰ ਆਵਾਜ਼

# ਲੋਕ ਬਾਣੀ

(ਜਲੰਧਰ)

Email : lokbani08@gmail.com

ਸ਼ੁੱਕਰਵਾਰ, 3 ਸਿਤੰਬਰ 2021

R.N.I. Punpun/29016/2008 ✡ ਸਾਲ : 14 ✡ ਅੰਕ : 216 ✡ ਮੁੱਲ : 2.00 ਰੁਪਏ ✡ ਕੁੱਲ ਪੇਜ਼ : 10 ✡ ਫੈਕਸ : 0181-2211009 ✡ M. 99155-94111



ਰੋਜ਼ਾਨਾ ਪੰਜਾਬੀ ਅਖ਼ਬਾਰ
'ਲੋਕ ਬਾਣੀ'
ਆਪ ਪੜ੍ਹੋ ਅਤੇ ਹੋਰਨਾਂ ਨੂੰ ਵੀ ਪੜ੍ਹਾਓ। ਆਪਣੇ ਨਜ਼ਦੀਕੀ ਸਟਾਲ ਅਤੇ ਹਾਕਰ ਤੋਂ ਪ੍ਰਾਪਤ ਕਰੋ ਅਤੇ ਕਿਸੇ ਕਿਸਮ ਦੀ ਪ੍ਰੇਸ਼ਾਨੀ ਲਈ ਹੇਠ ਲਿਖੇ ਨੰਬਰ 'ਤੇ ਸੰਪਰਕ ਕਰੋ।
0181-2211009


## ਹੁਣ ਪੰਜਾਬ ਵਿੱਚ ਹੋਇਆ ਕਿਸਾਨਾਂ ਤੇ ਲਾਠੀਚਾਰਜ ਕਈ ਕਿਸਾਨ ਜਖਮੀ, ਪੁਲਿਸ ਵਾਲੇ ਵੀ ਫੱਟੜ

**ਮੋਗਾ/ਦਵਿੰਦਰ ਬਿਟੂ**

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਦੀ ਆਮਦ ਤੋਂ ਪਹਿਲਾਂ ਕਿਰਤੀ ਅਤੇ ਕ੍ਰਾਂਤੀ ਕਿਸਾਨ ਯੂਨੀਅਨ ਦੀ ਅਗਵਾਈ ਹੇਠ ਸੈਂਕੜੇ ਕਿਸਾਨ ਜਲ੍ਹਿਾ ਸਕੱਤਰੇਤ ਸਾਹਮਣੇ ਪੁਲੀਸ ਦੀਆਂ ਰੋਕਾਂ ਤੋੜ ਕੇ ਪੰਡਾਲ ਵਿੱਚ ਪੁੱਜ ਗਏ। ਇਸ ਕਾਰਨ ਉਨ੍ਹਾਂ ਦਾ ਪੁਲੀਸ ਨਾਲ ਟਕਰਾਅ ਹੋ ਗਿਆ। ਪੁਲੀਸ ਵੱਲੋਂ ਕੀਤੇ ਲਾਠੀਚਾਰਜ 'ਚ 5 ਕਿਸਾਨ ਜਖਮੀ ਹੋ ਗਏ। ਇਸ ਮੌਕੇ ਧੱਕਾ ਮੁੱਕੀ 'ਚ ਕਿਸਾਨਾਂ ਦੀਆਂ ਪੱਗਾਂ ਲਹਿ ਗਈਆਂ ਤੇ ਰੋਹ ਵਿੱਚ ਆਏ ਕਿਸਾਨਾਂ ਨੇ ਚੱਕਾ ਜਾਮ ਕਰਕੇ ਪ੍ਰਸ਼ਾਸਨ ਖ਼ਿਲਾਫ਼ ਨਾਅਰੇਬਾਜ਼ੀ ਕੀਤੀ। ਇਸ ਮੌਕੇ ਸਥਿਤੀ ਬੇਹੱਦ ਤਣਾਅਪੂਰਨ ਵਾਲੀ ਬਣ ਗਈ ਅਤੇ ਐੱਸਪੀ ਜਗਤਪ੍ਰੀਤ ਸਿੰਘ ਨੇ ਖੁਦ ਵੀ ਹੱਥ ਵਿੱਚ ਡਾਂਗ ਚੁੱਕ ਲਈ। ਪੁਲੀਸ ਵੱਲੋਂ ਸੁਰੱਖਿਆ ਦੇ ਮੱਦੇਨਜਰ ਥਾਂ-ਥਾਂ 'ਤੇ ਬੈਰੀਕੇਡਿੰਗ ਕੀਤੀ ਹੋਈ ਹੈ ਅਤੇ ਸਿਰਫ ਅਕਾਲੀ ਵਰਕਰਾਂ ਨੂੰ ਹੀ ਅੱਗੇ ਜਾਣ ਦਿੱਤਾ ਜਾ ਰਿਹਾ ਹੈ। ਪੁਲੀਸ ਨੇ ਸਵੇਰੇ ਹੀ ਕਿਰਤੀ ਕਿਸਾਨ ਯੂਨੀਅਨ ਦੀ ਦਫ਼ਤਰ ਵਿੱਚ ਛਾਪਾ ਮਾਰਿਆ ਅਤੇ ਕੁਝ ਕਿਸਾਨ ਆਗੂ ਪੁਲੀਸ ਨੇ ਹਿਰਾਸਤ ਵਿੱਚ ਵੀ ਲੈ ਲਏ। ਪੰਡਾਲ ਕੋਲ ਪੁੱਜਣ ਬਾਅਦ ਪੁਲੀਸ ਨੇ ਕਿਸਾਨਾਂ 'ਤੇ ਮੁੜ ਪੂਰੀ ਤਾਕਤ ਨਾਲ ਲਾਠੀਚਾਰਜ ਕੀਤਾ ਤੇ ਪਾਣੀ ਦੀਆਂ ਬੁਛਾੜਾਂ ਮਾਰੀਆਂ। ਪਥਰਾਅ ਕਾਰਨ ਕਈ ਪੁਲੀਸ ਮੁਲਾਜਮ ਵੀ ਜਖਮੀ ਹੋ ਗਏ। ਰੋਹ ਵਿੱਚ ਆਏ ਕਿਸਾਨਾਂ ਨੇ ਦਰਜਨ ਦੇ ਕਰੀਬ ਨਿੱਜੀ ਵਾਹਨਾਂ ਦੀ ਭੰਨਤੋੜ ਕੀਤੀ। ਪੁਲੀਸ ਨੇ ਪੱਤਰਕਾਰਾਂ ਨੂੰ ਧੱਕੇ ਮਾਰੇ, ਕਈ ਪੱਤਰਕਾਰਾਂ ਦੀਆਂ ਪੱਗ ਲੱਥ ਗਈਆਂ ਤੇ ਉਨ੍ਹਾਂ ਦੇ ਕੈਮਰੇ ਖੋਹ ਲਏ।





ਇਸ ਮੌਕੇ ਕ੍ਰਾਂਤੀਕਾਰੀ ਕਿਸਾਨ ਯਨੀਅਨ ਆਗੂ ਬਲਦੇਵ ਸਿੰਘ ਜੀਰਾ, ਲੋਕ ਸੰਗਰਾਮ ਮੰਚ ਸੂਬਾ ਪ੍ਰਧਾਨ ਤਾਰਾ ਸਿੰਘ, ਗੁਰਦੀਪ ਸਿੰਘ ਵੈਰੋਕੇ, ਪਰਮਿੰਦਰ ਬਰਾੜ ਨੇ ਕਿਹਾ ਕਿ ਬਾਦਲ ਪਰਿਵਾਰ ਨੇ ਕਿਸਾਨਾਂ ਦੀ ਪਿੱਠ ਵਿਚ ਛੁਰਾ ਮਾਰਿਆ ਹੈ। ਸੰਯੁਕਤ ਮੋਰਚੇ ਦੇ ਸੱਦੇ ਉੱਤੇ ਇਹ ਵਿਰੋਧ ਜਾਰੀ ਰਹੇਗਾ। ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਬਾਦਲ 100 ਦਿਨ ਦੀ ਹਲਕਾ ਵਾਰ ਬੈਠਕਾਂ ਤੇ ਚੋਣ ਰੈਲੀਆਂ ਕਰ ਰਹੇ ਹਨ।

## ਪ੍ਰਸਿੱਧ ਪੱਤਰਕਾਰ ਚੰਦਨ ਮਿੱਤਰਾ ਦੀ ਹੋਈ ਮੌਤ

**ਨਵੀਂ ਦਿੱਲੀ/ਲੋਕ ਬਾਣੀ**



ਭਾਰਤੀ ਜਨਤਾ ਪਾਰਟੀ (ਭਾਜਪਾ) ਦੇ ਸਾਬਕਾ ਸੰਸਦ ਮੈਂਬਰ ਅਤੇ ਉੱਘੇ ਪੱਤਰਕਾਰ ਚੰਦਨ ਮਿੱਤਰਾ ਦਾ ਬੀਤੇ ਦੇਰ ਰਾਤ ਦੇਹਾਂਤ ਹੋ ਗਿਆ। ਉਹ 65 ਸਾਲ ਦੇ ਸਨ। ਉਨ੍ਹਾਂ ਦੇ ਬੇਟੇ ਕੁਸਨ ਮਿੱਤਰਾ ਨੇ ਇਸ ਬਾਰੇ ਜਾਣਕਾਰੀ ਦਿੱਤੀ। ਉਹ ਪਾਇਨੀਅਰ ਅਖਬਾਰ ਦੇ ਸੰਪਾਦਕ ਸਨ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਸਣੇ ਕਈ ਨੇਤਾਵਾਂ ਨੇ ਮੌਤ 'ਤੇ ਦੁੱਖ ਪ੍ਰਗਟ ਕੀਤਾ ਹੈ।

## ਦਿੱਲੀ ਪੁਲਿਸ ਨੇ 34 ਗੁੰਮਸ਼ੁਦਾ ਨਾਬਾਲਗਾਂ ਨੂੰ ਲੱਭਿਆ, ਪਰਿਵਾਰ 'ਚ ਰੌਣਕਾਂ

**ਨਵੀਂ ਦਿੱਲੀ/ਲੋਕ ਬਾਣੀ**

ਦਿੱਲੀ ਪੁਲਸ ਨੇ 'ਗੁਆਚੇ ਬੱਚਿਆਂ ਦੀ ਖੋਜ' ਮੁਹਿੰਮ ਤਹਿਤ 34 ਗੁੰਮਸ਼ੁਦਾ ਨਾਬਾਲਗਾਂ ਨੂੰ ਲੱਭ ਕੇ ਉਨ੍ਹਾਂ ਦੇ ਪਰਿਵਾਰ ਵਿਚ ਫਿਰ ਨੂੰ ਮੁੜ ਤੋਂ ਮਿਲਾ ਕੇ ਉਨ੍ਹਾਂ ਨੂੰ ਖੁਸ਼ੀਆਂ ਮਨਾਉਣ ਦਾ ਮੌਕਾ ਦਿੱਤਾ ਹੈ। ਦੁਆਰਕਾ ਜ਼ਿਲ੍ਹੇ ਦੇ ਪੁਲਸ ਡਿਪਟੀ ਕਮਿਸ਼ਨਰ ਸੰਤੋਸ਼ ਕੁਮਾਰ ਮੀਣਾ ਨੇ ਦੱਸਿਆ ਕਿ 'ਗੁਆਚੇ ਬੱਚਿਆਂ ਦੀ ਖੋਜ' ਮੁਹਿੰਮ ਤਹਿਤ ਮਨੁੱਖੀ ਤਸਕਰੀ ਵਿਰੋਧੀ ਦਲ ਬੀਤੀ ਅਗਸਤ ਨੂੰ 9 ਮੁੰਡੇ ਅਤੇ 25 ਕੁੜੀਆਂ ਨੂੰ ਲੱਭ ਕੇ ਉਨ੍ਹਾਂ ਦੇ ਪਰਿਵਾਰ ਨਾਲ ਫਿਰ ਤੋਂ ਮਿਲਾ ਦਿੱਤਾ। ਇਹ ਕਰੀਬ 10 ਤੋਂ 18 ਸਾਲ ਦੀ ਉਮਰ ਦੇ ਨਾਬਾਲਗ ਬੱਚੇ ਹਨ। ਇਨ੍ਹਾਂ ਨਾਬਾਲਗਾਂ ਦੇ ਘਰ ਪਰਤਣ ਨਾਲ ਉਨ੍ਹਾਂ ਦੇ ਪਰਿਵਾਰ ਵਿਚ ਰੌਣਕਾਂ ਪਰਤ ਆਈਆਂ ਹਨ। ਉਨ੍ਹਾਂ ਨੇ ਦੱਸਿਆ ਕਿ ਵਿਸ਼ੇਸ਼ ਮੁਹਿੰਮ ਵਿਚ ਮਿਲੇ ਕਰੀਬ 20 ਬੱਚੇ ਅਜਿਹੇ ਹਨ, ਜਿਨ੍ਹਾਂ ਨੂੰ ਗੁੰਮਸ਼ੁਦਗੀ ਦੀ ਸ਼ਿਕਾਇਤ ਦੇ 24 ਘੰਟਿਆਂ ਦੇ ਅੰਦਰ ਪਤਾ ਲਾ ਕੇ ਉਨ੍ਹਾਂ ਦੇ ਘਰ ਪਹੁੰਚਾ ਦਿੱਤਾ ਗਿਆ, ਜਦਕਿ 10 ਕਈ ਮਹੀਨੇ ਬਾਅਦ ਮਿਲੇ। ਪੁਲਸ ਨੂੰ ਇਹ ਬੱਚੇ ਬੱਸ ਸਟੈਂਡਾਂ, ਧਾਰਮਿਕ ਸਥਾਨਾਂ, ਸੁਧਾਰ ਗ੍ਰਿਹ, ਸੜਕਾਂ ਆਦਿ ਤੋਂ ਮਿਲੇ ਸਨ।

## ਕੌਚੀ ਨਿਗਮ ਮੇਅਰ ਨੂੰ ਮਿਲੀ ਤਾਲਿਬਾਨ ਤੋਂ ਧਮਕੀ



**ਕੌਚੀ/ਲੋਕ ਬਾਣੀ**

ਕੌਚੀ ਨਿਗਮ ਦੇ ਮੇਅਰ ਐਡਵੋਕੇਟ ਐੱਮ ਅਨਿਲ ਕੁਮਾਰ ਨੇ ਵੀਰਵਾਰ ਨੂੰ ਤਾਲਿਬਾਨ ਤੋਂ ਇੱਕ ਪੱਤਰ ਪ੍ਰਾਪਤ ਕੀਤਾ ਹੈ ਜਿਸ ਵਿੱਚ ਉਨ੍ਹਾਂ ਦੇ ਅੰਗਾਂ ਨੂੰ ਕੱਟਣ ਦੀ ਧਮਕੀ ਦਿੱਤੀ ਗਈ ਹੈ। ਕੋਝੀਕੋਡ ਤੋਂ ਤਾਲਿਬਾਨ ਦੇ ਮੁੱਖ ਕਮਾਂਡਰ ਫਖਰੁੱਦੀਨ ਅਲ-ਥਾਨੀ ਦੇ ਅਹੁਦੇ ਦੇ ਨਾਲ ਪੋਸਟ ਕੀਤੇ ਗਏ ਮਲਯਾਲਮ ਵਿੱਚ ਲਿਖੇ ਗਏ ਇਸ ਪੱਤਰ ਨੂੰ ਬੁੱਧਵਾਰ ਨੂੰ ਮੇਅਰ ਦੇ ਦਫ਼ਤਰ ਵਿੱਚ ਪਹੁੰਚਾਇਆ ਗਿਆ। ਮੇਅਰ ਨੇ ਕਿਹਾ ਕਿ ਪੱਤਰ ਵਿੱਚ ਓਸਾਮਾ ਬਿਨ ਲਾਦੇਨ ਅਤੇ ਹੋਰਾਂ ਦੀਆਂ ਤਸਵੀਰਾਂ ਵੀ ਸਨ, ਜਿਨ੍ਹਾਂ ਨੂੰ ਜਾਂਚ ਲਈ ਵੀਰਵਾਰ ਨੂੰ ਸ਼ਹਿਰ ਦੇ ਪੁਲਸ ਕਮਿਸਨਰ ਨੂੰ ਸੌਂਪ ਦਿੱਤਾ ਗਿਆ ਹੈ। ਵਾਮ ਡੈਮੋਕਰੇਟਿਕ ਮੋਰਚਾ (ਐੱਲ.ਡੀ.ਐੱਫ.) ਸੰਸਦੀ ਦਲ ਦੇ ਸਕੱਤਰ ਬੇਨੇਡਿਕਟ ਫਰਨਾਂਡੀਸ ਨੇ ਸ਼ਹਿਰ ਦੇ ਪੁਲਸ ਕਮਿਸ਼ਨਰ ਦੇ ਸਾਹਮਣੇ ਸ਼ਿਕਾਇਤ ਦਰਜ ਕਰ ਧਮਕੀ ਦੀ ਜਾਂਚ ਦੀ ਮੰਗ ਕੀਤੀ ਹੈ। ਪੱਤਰ ਵਿੱਚ ਅਖਬਾਰਾਂ ਵਿੱਚ ਉਨ੍ਹਾਂ ਦੀਆਂ ਤਸਵੀਰਾਂ ਪ੍ਰਕਾਸ਼ਿਤ ਕਰਨ ਦੇ ਖਿਲਾਫ ਚਿਤਾਵਨੀ ਦਿੰਦੇ ਹੋਏ ਕਿਹਾ ਗਿਆ ਹੈ ਕਿ ਉਨ੍ਹਾਂ ਨੂੰ ਕੌਚੀ ਸਮੁੰਦਰ ਤਟ 'ਤੇ ਬਿਨਾਂ ਕੱਪੜਿਆਂ ਦੇ ਪਰੇਡ ਕਰਵਾਇਆ ਜਾਵੇਗਾ।

## ਸ਼ੋਸ਼ਲ ਮੀਡੀਆ ਤੇ ਫਰਜੀ ਖਬਰਾਂ ਨੂੰ ਲੈ ਕੇ ਸੁਪਰੀਮ ਕੋਰਟ ਚਿੰਤਤ

**ਨਵੀਂ ਦਿੱਲੀ/ਕਪੂਰ**



ਸੁਪਰੀਮ ਕੋਰਟ ਨੇ ਅੱਜ ਸੋਸਲ ਮੀਡੀਆ ਪਲੇਟਫਾਰਮਾਂ ਅਤੇ ਵੈੱਬ ਪੋਰਟਲ 'ਤੇ ਫਰਜੀ ਖਬਰਾਂ 'ਤੇ ਗੰਭੀਰ ਚਿੰਤਾ ਜਾਹਰ ਕਰਦਿਆਂ ਕਿਹਾ ਮੀਡੀਆ ਦੇ ਇਕ ਵਰਗ ਵਿੱਚ ਪ੍ਰਸਾਰਤ ਕੀਤੀਆਂ ਜਾਣ ਵਾਲੀਆਂ ਖਬਰਾਂ 'ਚ ਫਰਿਕੂ ਰੰਗਤ ਹੋਣ ਕਾਰਨ ਦੇਸ ਦੇ ਅਕਸ ਨੂੰ ਢਾਹ ਲੱਗ ਸਕਦੀ ਹੈ। ਚੀਫ ਜਸਟਿਸ ਐੱਨਵੀ ਰਾਮੰਨਾ, ਜਸਟਿਸ ਸੂਰਿਆ ਕਾਂਤ ਅਤੇ ਜਸਟਿਸ ਏਐੱਸ ਬੋਪੰਨਾ ਦਾ ਬੈਂਚ ਨੇ ਇਹ ਗੱਲ ਜਮੀਅਤ ਉਲੇਮਾ-ਏ-ਹਿੰਦ ਦੀ ਪਟੀਸਨ ਸਮੇਤ ਕਈ ਪਟੀਸਨਾਂ 'ਤੇ ਸੁਣਵਾਈ ਕਰਦਿਆਂ ਕਹੀ। ਪਟੀਸ਼ਨਰਾਂ ਨੇ ਅਜਿਹੀਆਂ ਫਰਜੀ ਖਬਰਾਂ ਦੇ ਪ੍ਰਸਾਰਨ ਉੱਤੇ ਰੋਕ ਲਾਉਣ ਦੀ ਮੰਗ ਕੀਤੀ ਹੈ।

## ਨਹੀਂ ਰਹੇ ਬਿੱਗ ਬੋਸ ਦੇ ਜੇਤੂ ਸਿਧਾਰਥ ਸ਼ੁਕਲਾ

**ਮੁੰਬਈ/ਲੋਕ ਬਾਣੀ**



ਉੱਘੇ ਟੀਵੀ ਕਲਾਕਾਰ ਤੇ ਬਿੱਗ ਬੌਸ ਦੇ ਜੇਤੂ ਸਿਧਾਰਥ ਸ਼ੁਕਲਾ ਦਾ ਅੱਜ ਦੇਹਾਂਤ ਹੋ ਗਿਆ। 40 ਸਾਲਾ ਅਦਾਕਾਰ ਨੂੰ ਦੀ ਮੌਤ ਅੱਜ ਸਵੇਰੇ ਹੋਈ। ਉਸ ਦੇ ਪਰਿਵਾਰ ਵਿੱਚ ਮਾਂ ਤੇ ਦੋ ਭੈਣਾ ਹਨ। ਜੂਹ ਦੇ ਕੂਪਰ ਹਸਪਤਾਲ ਦੇ ਅਧਿਕਾਰੀਆਂ ਨੇ ਦੱਸਿਆ ਕਿ ਮੌਤ ਦੇ ਕਾਰਨਾਂ ਦਾ ਹਾਲੇ ਪਤਾ ਨਹੀਂ ਲੱਗਿਆ ਤੇ ਪੋਸਟਮਾਰਟਮ ਬਾਅਦ ਹੀ ਸਥਿਤੀ ਸਪਸ਼ਟ ਹੋ ਸਕੇਗੀ। ਇਸ ਦੌਰਾਨ ਮੌਤ ਸਬੰਧੀ ਜਾਂਚ ਲਈ ਪੁਲੀਸ ਨੇ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

## ਅਯੁੱਧਿਆ 'ਚ ਰਾਮ ਭਗਤਾਂ ਨੂੰ ਮਿਲੇਗਾ ਵੱਡਾ ਤੋਹਫਾ, ਛੇਤੀ ਚੱਲੇਗੀ 'ਰਾਮਾਇਣ ਕਰੂਜ'

**ਅਯੁੱਧਿਆ/ਲੋਕ ਬਾਣੀ**

ਅਯੁੱਧਿਆ ਵਿੱਚ ਸ਼ਾਨਦਾਰ ਰਾਮ ਮੰਦਰ ਦੇ ਨਿਰਮਾਣ ਦੇ ਪਹਿਲਾਂ ਹੀ ਚਾਰੇ ਪਾਸੇ ਰਾਮ ਨਾਮ ਦੀ ਗੂੰਜ ਹੋਣੀ ਸ਼ੁਰੂ ਹੋ ਜਾਵੇਗੀ। ਇਸ ਦੀ ਸਭ ਤੋਂ ਵੱਡੀ ਵਜ੍ਹਾ ਹੈ ਰਾਮਾਇਣ ਕਰੂਜ। ਹਾਈਟੈਕ ਰਾਮਾਇਣ ਕਰੂਜ ਜਿੰਨੀ ਜਿਆਦਾ ਲਗਜੀਰੀਅਸ ਹੋਵੇਗੀ, ਓਨੀ ਹੀ ਰਾਮ ਭਗਤੀ ਵਿੱਚ ਡੁੱਬੀ ਵੀ। ਰਾਮਾਇਣ ਕਰੂਜ 'ਤੇ ਸਵਾਰੀ ਦੌਰਾਨ ਰਾਮ ਭਗਤਾਂ ਅਤੇ ਸੈਲਾਨੀਆਂ ਨੂੰ ਰਾਮਚਰਿਤਮਾਨਸ ਦੀਆਂ ਚੌਪਾਈਆਂ ਨਾ ਸਿਰਫ ਸੁਣਾਈ ਦੇਵੇਗੀ ਸਗੋਂ ਸ਼ਾਟ ਫਿਲਮ ਦੇ ਜਰੀਏ ਉਨ੍ਹਾਂ ਨੂੰ ਸ਼ਾਨਦਾਰ ਦਰਸ਼ਨ ਵੀ ਕਰਵਾਏ ਜਾਣਗੇ।

***ਅਯੁੱਧਿਆ ਵਿੱਚ ਰਾਮਾਇਣ ਕਰੂਜ***

ਜਾਣਕਾਰੀ ਲਈ ਦੱਸ ਦਈਏ ਕਿ ਅਲਕਨੰਦਾ ਕਰੂਜ ਦੀ ਸ਼ੁਰੂਆਤ ਵਾਰਾਣਸੀ ਵਿੱਚ ਸੀ.ਐੱਮ. ਯੋਗੀ ਆਦਿਤਿਅਨਾਥ ਨੇ 2 ਸਤੰਬਰ 2018 ਨੂੰ ਫ਼ੀਤਾ ਕੱਟ ਕੇ ਕੀਤੀ ਸੀ। ਕਿਹਾ ਜਾ ਰਿਹਾ ਹੈ ਕਿ ਰਾਮਾਇਣ ਕਰੂਜ 2022 ਵਿੱਚ ਅਯੁੱਧਿਆ ਦੀ ਘਾਘਰਾ ਨਦੀ ਵਿੱਚ ਰਾਮ ਭਗਤਾਂ ਅਤੇ ਸੈਲਾਨੀਆਂ ਲਈ ਸ਼ੁਰੂ ਹੋ ਜਾਵੇਗੀ। ਖਾਸ ਗੱਲ ਇਹ ਹੈ ਕਿ ਅੱਜ ਹੀ ਦੇ ਦਿਨ 2 ਸਤੰਬਰ 2018 ਵਿੱਚ ਸੀ.ਐੱਮ. ਯੋਗੀ ਆਦਿਤਿਅਨਾਥ ਨੇ ਵਾਰਾਣਸੀ ਦੇ ਖਿੜਕਿਆ ਘਾਟ ਤੋਂ ਅਲਕਨੰਦਾ ਕਰੂਜ ਦਾ ਫ਼ੀਤਾ ਕੱਟ ਕੇ ਉਦਘਾਟਨ ਕੀਤਾ ਸੀ ਪਰ ਕੋਰੋਨਾ ਕਾਲ ਦੀ ਵਜ੍ਹਾ ਤੋਂ ਪਹਿਲਾਂ ਅਤੇ ਦੂਜੇ ਵੇਬ ਵਿੱਚ ਕਰੂਜ ਸੇਵਾ ਪੂਰੀ ਤਰ੍ਹਾਂ ਪ੍ਰਭਾਵਿਤ ਹੋ ਗਈ ਪਰ ਬਾਵਜੂਦ ਇਸ ਦੇ ਕੰਪਨੀ ਨੇ ਹੁਣ ਅਯੁੱਧਿਆ ਵਿੱਚ ਵੀ ਆਪਣੀ ਸੇਵਾ ਦੇਣਾ ਤੈਅ ਕੀਤਾ ਹੈ। ਅਲਕਨੰਦਾ ਕਰੂਜ ਲਾਈਨ ਪ੍ਰਿਆ.ਲਿ. ਦੇ ਨਿਰਦੇਸਕ ਵਿਕਾਸ ਮਾਲਵੀਆ ਨੇ ਦੱਸਿਆ ਕਿ ਕਾਸ਼ੀ ਵਿੱਚ ਗੰਗਾ ਘਾਟ ਦੇ ਕਿਨਾਰੇ ਕਾਫ਼ੀ ਵਿਰਾਸਤ ਹੈ ਪਰ ਅਯੁੱਧਿਆ ਵਿੱਚ ਘਾਘਰਾ ਕਿਨਾਰੇ ਅਜਿਹਾ ਕੁੱਝ ਨਹੀਂ ਹੈ।





ਜਲੰਧਰ ਤੋਂ
ਪੱਤਰਕਾਰ ਦੀ ਨਿਯੁਕਤੀ



ਅਦਾਰਾ ਰੋਜਾਨਾ ਲੋਕ ਬਾਣੀ ਅਖਬਾਰ ਵੱਲੋਂ ਚਰਨਜੀਤ ਨੂੰ ਜਲੰਧਰ ਤੋਂ ਪੱਤਰਕਾਰ ਨਿਯੁਕਤ ਕੀਤਾ ਜਾਂਦਾ ਹੈ ਖਬਰਾਂ ਅਤੇ ਇਸਤਿਹਾਰ ਦੇਣ ਲਈ ਸੰਪਰਕ ਕਰੋ
9888381238

ਪੰਜਾਬ ਦੇ ਹਰ ਜ਼ਿਲ੍ਹੇ ਤੋਂ ਰੋਜ਼ਾਨਾ ਲੋਕ ਬਾਣੀ ਅਖ਼ਬਾਰ ਲਈ
ਪੱਤਰਕਾਰਾਂ ਦੀ ਲੋੜ ਹੈ ਚਾਹਵਾਨ ਪੱਤਰਕਾਰ ਸੰਪਰਕ ਕਰਨ ਮੁੱਖ ਦਫਤਰ
ਲੋਕ ਬਾਣੀ ਸੰਗਮ ਕੰਪਲੈਕਸ, ਮਿਲਾਪ ਚੌਕ ਜਲੰਧਰ 99155-94111

# ਅੰਤਰਰਾਸ਼ਟਰੀ ਯਾਤਰੀਆਂ ਨੂੰ ਟੀਕਾਕਰਨ ਨਿਯਮਾਂ 'ਚ ਵਿਚ ਦਿੱਤੀ ਢਿੱਲ

**ਚੰਡੀਗੜ੍ਹ/ਲੋਕ ਬਾਣੀ :** ਬਹੁਤ ਸਾਰੇ ਪੰਜਾਬੀ , ਸਿੱਖਿਆ ਜਾਂ ਕੁੱਝ ਹੋਰ ਮਹੱਤਵਪੂਰਨ ਕਾਰਨਾਂ ਕਰਕੇ ਵਿਦੇਸ਼ ਯਾਤਰਾ ਕਰਦੇ ਰਹਿੰਦੇ ਹਨ ਅਤੇ ਮਹਾਂਮਾਰੀ ਦੇ ਇਸ ਦੌਰ ਵਿਚ ਯਾਤਰਾ ਸਿਰਫ਼ ਕੋਵਿਡ ਸਬੰਧੀ ਪੂਰਵ ਸ਼ਰਤਾਂ ਜਿਵੇਂ ਕਿ ਕੋਵਿਡ ਦੀ ਨੈਗੇਟਿਵ ਰਿਪੋਰਟ ਜਾਂ ਟੀਕਾਕਰਨ ਸਰਟੀਫਿਕੇਟ ਨਾਲ ਸੰਭਵ ਹੈ । ਅੰਤਰਰਾਸ਼ਟਰੀ ਯਾਤਰੀਆਂ ਨੂੰ ਦਰਪੇਸ਼ ਮੁਸ਼ਕਲਾਂ ਨੂੰ ਦੂਰ ਕਰਨ ਲਈ , ਪੰਜਾਬ ਸਰਕਾਰ ਨੇ ਉਨ੍ਹਾਂ ਦੇ ਲਾਭ ਲਈ ਕੋਵਿਡ ਟੀਕਾਕਰਨ ਦੇ ਨਿਯਮਾਂ 'ਚ ਢਿੱਲ ਦਿੱਤੀ ਹੈ ਜਿਨ੍ਹਾਂ ਲਈ ਵਿਦੇਸ਼ ਯਾਤਰਾ ਕਰਨਾ ਬਹੁਤ ਜ਼ਰੂਰੀ ਹੈ ।

# ਕਾਰ ਤੇ ਮੋਟਰਸਾਈਕਲ ਦੀ ਹੋਈ ਟੱਕਰ 'ਚ ਇਕ ਦੀ ਮੌਤ

**ਫਗਵਾੜਾ/ਲੋਕ ਬਾਣੀ :** ਫਗਵਾੜਾ ਵਿਖੇ ਭੁੱਲਾਰਾਈ ਬਾਈਪਾਸ ਨਜ਼ਦੀਕ ਇਕ ਕਾਰ ਤੇ ਮੋਟਰਸਾਈਕਲ ਦੀ ਹੋਈ ਟੱਕਰ 'ਚ ਇਕ ਵਿਅਕਤੀ ਦੀ ਮੌਤ ਹੋ ਗਈ। ਦੱਸਿਆ ਜਾ ਰਿਹਾ ਕਿ ਕਾਰ ਵਾਲਿਆਂ ਦੇ ਵੀ ਕੁਝ ਸੱਟਾ ਲੱਗੀਆਂ ਹਨ। ਜਾਣਕਾਰੀ ਅਨੁਸਾਰ ਜ਼ਖ਼ਮੀ ਮੋਟਰਸਾਈਕਲ ਚਾਲਕ ਨੂੰ ਕਿਸੇ ਵੀ ਵਿਅਕਤੀ ਨੇ ਜ਼ਖ਼ਮੀ ਹਾਲਤ 'ਚ ਸੜਕ 'ਤੇ ਪਏ ਨੂੰ ਨਹੀਂ ਚੁੱਕਿਆ ਤੇ ਉਹ ਸੜਕ 'ਤੇ ਤੜਫ਼ਦਾ ਰਿਹਾ ਮੌਕੇ 'ਤੇ ਮੌਜੂਦ ਇਕ ਵਿਅਕਤੀ ਵਲੋਂ ਦੋਸ਼ ਲਗਾਇਆ ਕਿ ਉਸ ਵਲੋਂ ਪੁਲਿਸ ਤੇ ਐਂਬੂਲੈਂਸ ਨੂੰ ਅਨੇਕਾ ਫ਼ੋਨ ਕੀਤੇ ਗਏ ਪਰ ਸਮੇਂ ਸਿਰ ਐਂਬੂਲੈਂਸ ਤੇ ਪੁਲਿਸ ਨਹੀਂ ਪੁੱਜੀ। ਜਦਕਿ ਜ਼ਖ਼ਮੀ ਨੂੰ ਗੰਭੀਰ ਹਾਲਤ 'ਚ ਇਕ ਕਾਰ 'ਚ ਪਾ ਕੇ ਸਿਵਲ ਹਸਪਤਾਲ ਪਹੁੰਚਾਇਆ।

# ਬਿਹਾਰ : ਸਮਸਤੀਪੁਰ-ਦਰਭੰਗਾ ਰੇਲ ਪੁਲ' ਤੇ ਪਾਣੀ, ਰੇਲ ਗੱਡੀਆਂ ਰੁਕੀਆਂ

**ਨਵੀਂ ਦਿੱਲੀ/ਲੋਕ ਬਾਣੀ**

ਬਿਹਾਰ ਦੇ 16 ਜ਼ਲ੍ਹਿਆਂ ਵਿਚ ਹੜ੍ਹਾਂ ਕਾਰਨ ਲੋਕਾਂ ਦੀਆਂ ਮੁਸਕਿਲਾਂ ਵਧ ਗਈਆਂ ਹਨ। ਇਸ ਦੌਰਾਨ ਸਮਸਤੀਪੁਰ-ਦਰਭੰਗਾ ਸੈਕਸਨ ਦੇ ਹਯਾਘਾਟ ਅਤੇ ਥਲਵਾੜਾ ਸਟੇਸਨਾਂ ਦੇ ਵਿਚਕਾਰ ਰੇਲਵੇ ਪੁਲ 'ਤੇ ਹੜ੍ਹ ਦੇ ਪਾਣੀ ਕਾਰਨ ਲਗਾਤਾਰ ਤੀਜੇ ਦਿਨ ਰੇਲ ਗੱਡੀਆਂ ਨੂੰ ਰੋਕ ਦਿੱਤਾ ਗਿਆ ਹੈ।



# ਹਲਕਾ ਘਨੌਰ 'ਚ ਆਪ ਨੂੰ ਝਟਕਾ ਦਰਜਨਾਂ ਨੌਜਵਾਨਾਂ ਨੇ ਫੜਿਆ ਕਾਂਗਰਸ ਦਾ ਹੱਥ



**ਘਨੌਰ/ਸਰਦਾਰਾ ਸਿੰਘ ਲਾਛੜੂ**

ਅੱਜ ਹਲਕਾ ਘਨੌਰ ਵਿੱਚ ਆਮ ਆਦਮੀ ਪਾਰਟੀ ਨੂੰ ਉਸ ਵੇਲੇ ਵੱਡਾ ਝਟਕਾ ਲੱਗਾ ਜਦੋਂ ਮਹਿਲਾ ਕਾਂਗਰਸ ਆਗੂ ਬੀਬੀ ਕੁਲਵਿੰਦਰ ਕੌਰ ਜਰੀਕਪੁਰ ਦੀ ਪ੍ਰੇਰਨਾ ਸਦਕਾ ਦਰਜਨਾਂ ਨੌਜਵਾਨਾਂ ਨੇ ਆਪ ਨੂੰ ਅਲਵਿਦਾ ਕਹਿ ਕੇ ਕਾਂਗਰਸ ਪਾਰਟੀ ਦਾ ਹੱਥ ਫੜ ਲਿਆ। ਕਾਂਗਰਸ ਪਾਰਟੀ ਵਿੱਚ ਸ਼ਾਮਲ ਹੋਣ ਵਾਲੇ ਨੌਜਵਾਨਾਂ ਦਾ ਹਲਕਾ ਵਿਧਾਇਕ ਮਦਨ ਲਾਲ ਜਲਾਲਪੁਰ, ਜ਼ਿਲ੍ਹਾ ਪ੍ਰਧਾਨ ਗੁਰਦੀਪ ਸਿੰਘ ਊਂਟਸਰ, ਜ਼ਿਲ੍ਹਾ ਪ੍ਰੀਸ਼ਦ ਮੈਂਬਰ ਗਗਨਦੀਪ ਸਿੰਘ ਜਲਾਲਪੁਰ ਅਤੇ ਬਲਾਕ ਸੰਮਤੀ ਸ਼ੰਭੂ ਦੇ ਚੇਅਰਮੈਨ ਅੱਛਰ ਸਿੰਘ ਭੇਡਵਾਲ ਨੇ ਸਵਾਗਤ ਕੀਤਾ। ਇਸ ਮੌਕੇ ਸੰਬੋਧਨ ਕਰਦਿਆਂ ਵਿਧਾਇਕ ਮਦਨ ਲਾਲ ਜਲਾਲਪੁਰ ਨੇ ਕਿਹਾ ਕਿ ਉਨ੍ਹਾਂ ਨੇ ਹਲਕਾ ਘਨੌਰ ਦੇ ਨੌਜਵਾਨਾਂ ਨੂੰ ਰੁਜਗਾਰ ਮੁਹੱਈਆ ਕਰਵਾਉਣ ਲਈ ਹਲਕੇ ਨੂੰ ਇੰਡਸਟਰੀ ਜ਼ੋਨ ਬਣਾ ਦਿੱਤਾ ਹੈ ਤੇ ਹਲਕੇ ਦੇ ਨੌਜਵਾਨਾਂ ਨੂੰ ਉਦਯੋਗਿਕ ਸਿਖਲਾਈ ਦੇਣ ਲਈ ਘਨੌਰ ਵਿਖੇ ਸਰਕਾਰੀ ਆਈਟੀਆਈ ਦੀ ਸਥਾਪਨਾ ਕਰਵਾਈ ਹੈ ਜਿਸ ਦਾ ਨਿਰਮਾਣ ਕਾਰਜ ਚੱਲ ਰਿਹਾ ਹੈ ਤੇ ਦਾਖ਼ਲੇ ਵੀ ਸ਼ੁਰੂ ਹੋ ਚੁੱਕੇ ਹਨ। ਉਨ੍ਹਾਂ ਇਹ ਵੀ ਦੱਸਿਆ ਕਿ ਹਲਕਾ ਘਨੌਰ ਦੇ ਨੌਜਵਾਨਾਂ ਨੂੰ ਖੇਡਾਂ ਪ੍ਰਤੀ ਉਤਸ਼ਾਹਿਤ ਕਰਨ ਲਈ ਹਲਕੇ ਵਿੱਚ ਆਧੁਨਿਕ ਖੇਡ ਸਟੇਡੀਅਮਾਂ ਦਾ ਨਿਰਮਾਣ ਕਰਵਾਇਆ ਗਿਆ ਹੈ, ਜਲਦ ਨੌਜਵਾਨਾਂ ਨੂੰ ਖੇਡ ਕਿੱਟਾਂ ਅਤੇ ਜਿੰਮ ਬਣਾ ਕੇ ਦਿੱਤੇ ਜਾਣਗੇ। ਇਸ ਮੌਕੇ ਕਾਂਗਰਸੀ ਆਗੂ ਧਰਮਾਂ ਜਨਸੂਆ, ਹਰਜਿੰਦਰ ਸਿੰਘ ਜਰੀਕਪੁਰ ਗੁਰਮੀਤ ਸਿੰਘ ਸੰਜਰਪੁਰ ,ਜੀਤ ਸੰਜਰਪੁਰ, ਸੁਰਿੰਦਰ ਸਿੰਘ ਸੰਜਰਪੁਰ ,ਜਸਵੰਤ ਸਿੰਘ ਸੰਜਰਪੁਰ ,ਬਲਜਿੰਦਰ ਸਿੰਘ, ਜਗਤਾਰ ਸਿੰਘ, ਕੁਲਵਿੰਦਰ ਸਿੰਘ, ਇੰਦਰਜੀਤ ਸਿੰਘ, ਰਣਜੀਤ ਸਿੰਘ ,ਅਨਿਕੇਤ, ਹਰਜਿੰਦਰ ਸਿੰਘ ਸਮੇਤ ਹੋਰ ਵੀ ਹਾਜ਼ਰ ਸਨ।

**■ ਨੌਜਵਾਨਾਂ ਨੂੰ ਖੇਡਾਂ ਪ੍ਰਤੀ ਉਤਸ਼ਾਹਤ ਕਰਨ ਲਈ ਹਲਕੇ 'ਚ ਖੇਡ ਸਟੇਡੀਅਮ ਬਣਾਉਣ ਨੂੰ ਦਿੱਤੀ ਤਰਜੀਹ-ਜਲਾਲਪੁਰ**

# ਕੈਬਨਿਟ ਮੰਤਰੀ ਅਰੁਨਾ ਚੌਧਰੀ ਦੇ ਯਤਨਾਂ ਸਦਕਾ ਪੈਨਸ਼ਨ 'ਚ ਹੋਇਆ ਵਾਧਾ : ਸੁਦੇਸ਼ ਘਰਾਟੀਆ

**ਦੀਨਾਨਗਰ/ਡਾ.ਰਮੇਸ ਸਰੰਗਲ**

ਪੰਜਾਬ ਸਰਕਾਰ ਅਤੇ ਕੈਬਨਿਟ ਮੰਤਰੀ ਅਰੁਨਾ ਚੌਧਰੀ ਦੇ ਯਤਨਾਂ ਸਦਕਾ ਬੁਢਾਪਾ, ਵਿਧਵਾ ਅਪਾਹਜ ਅਤੇ ਬੇਸਹਾਰਾ ਲੋਕਾਂ ਦੀ ਮਾਸਿਕ ਪੈਨਸਨ 750 ਰੁਪਏ ਤੋਂ ਵਧਾ ਕੇ 1500 ਰੁਪਏ ਕਰ ਦਿੱਤੀ ਹੈ। ਜਿਸ ਕਾਰਨ ਪੰਜਾਬ ਦੇ ਲੋਕਾਂ ਵਿੱਚ ਖੁਸੀ ਦੀ ਲਹਿਰ ਪਾਈ ਜਾ ਰਹੀ ਹੈ। ਇਹਨਾਂ ਸਬਦਾਂ ਦਾ ਪ੍ਰਗਟਾਵਾ ਸਿਟੀ ਕਾਂਗਰਸ ਕਮੇਟੀ ਦੇ ਵਾਈਸ ਪ੍ਰਧਾਨ ਸੁਦੇਸ ਘਰਾਟੀਆ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਸੁਦੇਸ ਘਰਾਟੀਆ ਨੇ ਕਿਹਾ ਕਿ 2017 ਦੇ ਚੋਣ ਮੈਨੀਫੈਸਟੋ ਵਿੱਚ ਕਾਂਗਰਸ ਸਰਕਾਰ ਨੇ ਪੰਜਾਬ ਦੇ ਪੈਨਸ਼ਨ ਹੋਲਡਰਾਂ ਨਾਲ ਵਾਅਦਾ ਕੀਤਾ ਸੀ ਕਿ ਉਨ੍ਹਾਂ ਦੀ ਪੈਨਸ਼ਨ ਦੁਗਣੀ ਕਰ ਦਿੱਤੀ ਜਾਵੇਗੀ ਜੋ ਕਿ ਬੀਤੀ ਜੁਲਾਈ ਤੋਂ ਇਸਨੂੰ ਲਾਗੂ ਕਰਕੇ ਪੰਜਾਬ ਸਰਕਾਰ ਨੇ ਇਸ ਵਾਅਦੇ ਨੂੰ ਪੂਰਾ ਕਰ ਦਿੱਤਾ ਹੈ ਅਤੇ ਪੰਜਾਬ ਸਰਕਾਰ ਨੇ ਇਸ ਫੈਸਲੇ ਨੂੰ ਲਾਗੂ ਕਰਕੇ ਕੇ ਵਿਰੋਧੀ



ਪਾਰਟੀਆਂ ਦੇ ਮੂੰਹ ਬੰਦ ਕਰ ਦਿੱਤੇ ਹਨ । ਸਰਕਾਰ ਦੇ ਇਸ ਫੈਸਲੇ ਦੀ ਪੰਜਾਬ ਦੇ ਲੋਕਾਂ ਵੱਲੋਂ ਸਲਾਘਾ ਕੀਤੀ ਜਾ ਰਹੀ ਹੈ। ਜਿਸਦਾ ਪੂਰਾ ਸਿਹਰਾ ਪੰਜਾਬ ਦੀ ਕੈਬਨਿਟ ਮੰਤਰੀ ਅਰੁਨਾ ਚੌਧਰੀ ਨੂੰ ਦਿੱਤਾ ਜਾ ਰਿਹਾ ਹੈ। ਘਰਾਟੀਆ ਨੇ ਕਿਹਾ ਕਿ ਹੁਣ ਲੋਕ ਪੈਨਸਨ ਵਿੱਚ ਵਾਧੇ ਕਰਕੇ ਰਾਹਤ ਮਹਿਸੂਸ ਕਰਨਗੇ। ਉਨ੍ਹਾਂ ਕਿਹਾ ਕਿ ਕਾਂਗਰਸ ਪਾਰਟੀ ਲੋਕਾਂ ਦੀਆਂ ਸਮੱਸਿਆਵਾਂ ਤੋਂ ਚੰਗੀ ਤਰ੍ਹਾਂ ਜਾਣੂ ਹੈ ਜੋ ਹਮੇਸਾ ਲੋਕਾਂ ਦੀਆਂ ਮੁਸ਼ਕਿਲਾਂ ਤੋਂ ਜਾਣੂ ਹੈ ਕਾਂਗਰਸ ਸਰਕਾਰ ਨੇ ਲੋਕ ਹਿੱਤਾਂ ਲਈ ਕੰਮ ਕੀਤਾ ਹੈ ਅਤੇ ਜੋ ਵਾਅਦੇ ਕਾਂਗਰਸ ਵਲੋਂ 2017 ਦੀਆਂ ਚੋਣਾਂ ਵਿਚ ਕੀਤੇ ਗਏ ਸਨ ਉਹ ਪੂਰੇ ਕੀਤੇ ਜਾ ਰਹੇ ਹਨ ਜਿਸ ਕਰਕੇ ਇੱਕ ਵਾਰ ਫਿਰ ਤੋਂ ਪੰਜਾਬ ਚ ਕਾਂਗਰਸ ਦੀ ਹੀ ਸਰਕਾਰ ਬਣੇਗੀ ਅਤੇ ਕੈਬਨਿਟ ਮੰਤਰੀ ਅਰੁਨਾ ਚੌਧਰੀ ਕਾਂਗਰਸ ਸਰਕਾਰ ਦੇ ਵਜੀਰ ਹੋਣਗੇ।

# ਬੀ ਕੇ ਯੂ ਡਕੱਧਾ ਦੇ ਲੀਡਰ 4 ਸਤੰਬਰ ਨੂੰ ਕਿਸਾਨ ਰੈਲੀ ਨੂੰ ਕਰਨੇ ਸੰਬੋਧਨ



**ਗੁਰਦਾਸਪੁਰ-ਨਵਨੀਤ ਕੁਮਾਰ/ਮੰਗੋਤਰਾ ਸਾਬ**

ਕਿਸਾਨ ਅੰਦੋਲਣ ਨੂੰ ਹੋਰ ਮਜਬੂਤ ਬਣਾਉਂਣ ਲਈ ਚਾਰ ਸਤੰਬਰ ਨੂੰ ਹੋਣ ਵਾਲੀ ਰੈਲੀ ਕੇਂਦਰ ਸਰਕਾਰ ਦੀਆਂ ਜੜ੍ਹਾਂ ਹਿਲਾਉਂਣ ਵਿੱਚ ਵੱਡੀ ਭੂਮਿਕਾ ਨਿਭਾਏਗੀ । ਇਹਨਾਂ ਸਬਦਾਂ ਦਾ ਪ੍ਰਗਟਾਵਾ ਗੁਰਵਿੰਦਰ ਸਿੰਘ ਜੀਵਨ ਚੱਕ ਅਤੇ ਦਲਬੀਰ ਸਿੰਘ ਜੀਵਨ ਚੱਕ ਵੱਲੋਂ ਸਾਂਝੇ ਤੌਰ ਤੇ ਮੀਟਿੰਗ ਸਬੰਧੀ ਵਿਚਾਰ ਵਟਾਦਰਾਂ ਕਰਨ ਸਮੇਂ ਕੀਤਾ ਗਿਆ । ਇਸ ਸਮੇਂ ਗੁਰਵਿੰਦਰ ਸਿੰਘ ,ਦਲਬੀਰ ਸਿੰਘ ਵੱਲੋਂ ਹੋਰ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਸਿਰਮੋਰ ਕਿਸਾਨ ਜਥੇਬੰਦੀ, ਬੀ ਕੇ ਯੂ ਡਕੱਧਾ ਦੇ ਲੀਡਰ ਬੂਟਾ ਸਿੰਘ ,ਬੁਰਜ ਸਿੰਘ ,ਅਤੇ ਮਨਜੀਤ ਸਿੰਘ ਧੰਨੇਰ ਵਿਸੇਸ਼ ਤੌਰ ਤੇ ਗੁਰਦਾਸਪੁਰ ਪਹੁੰਚ ਰਹੇ ਹਨ ,ਜੋ ਕਿ 4 ਸਤੰਬਰ ਨੂੰ ਸਮਾਂ ਸਵੇਰੇ 10 ਵਜੇ ਦਾਣਾ ਮੰਡੀ ਗਾਹਲੜੀ ਵਿੱਚ ਇੱਕ ਵਿਸਾਲ ਰੈਲੀ ਨੂੰ ਸੰਬੋਧਨ ਕਰਨਗੇ ,ਅਤੇ ਦਿੱਲੀ ਕਿਸਾਨ ਅੰਦੋਲਣ ਵਿੱਚ ਵੱਧ ਤੋਂ ਵੱਧ ਗਿਣਤੀ ਵਿੱਚ ਪਹੁੰਚਣ ਲਈ ਅਪੀਲ ਕਰਨਗੇ । ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਕਿਸਾਨ ਆਗੂਆਂ ਵੱਲੋਂ ਕਿਹਾ ਪਿੱਛਲੇ ਇੱਕ ਸਾਲ ਤੋਂ ਪੰਜਾਬ ਵਿੱਚ ਅਤੇ 9 ਮਹੀਨੇ ਤੋਂ ਦਿੱਲੀ ਦੇ ਪੰਜ ਬਾਰਡਰਾਂ ਤੇਂ ਕਿਸਾਨ,ਮਜਦੂਰ ਸੰਘਰਸ ਜਥੇਬੰਦੀਆਂ ਵੱਲੋਂ ਸਾਂਝੇ ਤੌਰ ਤੇ ਆਪਣੀਆਂ ਜਾਇੰਜ ਮੰਗਾਂ ਲਈ ਪੱਕਾ ਧਰਨਾ ਲਗਾਇਆ ਹੋਇਆ ਹੈ , ਜੋ ਕਿ ਅੱਗੇ ਵਧਦਾ ਹੋਇਆ ਦੇਸ ਵਿਆਪੀ ਬਣ ਚੁੱਕਿਆ ਹੈ। ਗੁਰਵਿੰਦਰ ਸਿੰਘ ,ਦਲਬੀਰ ਸਿੰਘ ਆਦਿ ਵੱਲੋਂ ਸਮੂਹ ਇਲਾਕੇ ਦੇ ਕਿਸਾਨ ਭਰਾਵਾਂ ਨੂੰ ਅਪੀਲ ਕੀਤੀ ਕਿ ਉਹ ਸਾਂਤੀ ਪੂਰਵਕ 4 ਸਤੰਬਰ ਨੂੰ ਠੀਕ ਦੱਸ ਵਜੇ ਦਾਣਾ ਮੰਡੀ ਗਾਹਲੜੀ ਪਹੁੰਚ ਕੇ ਕਿਸਾਨ ਆਗੂਆਂ ਦੇ ਵਿਚਾਰ ਸੁਨਣ । ਇਸ ਸਮੇਂ ਸਾਬਕਾ ਸਰਪੰਚ ਕਸਮੀਰ ਸਿੰਘ ਨੋਸਿਹਰਾ,ਕੁਲਦੀਪ ਸਿੰਘ ਖੁੱਥੀ,ਕਸਮੀਰ ਸਿੰਘ ਬੁਗਨਾ,ਮਲਕੀਤ ਸਿੰਘ ਕਾਠਗੜ,ਧਰਮਪਾਲ ਚੱਗੂਵਾਲ,ਗੁਰਨਾਮ ਸਿੰਘ ਆਦਿ ਵੱਲੋਂ ਚਾਰ ਸਤੰਬਰ ਦੀ ਕਿਸਾਨ ਰੈਲੀ ਸਬੰਧੀ ਖੁੱਲ ਕੇ ਵਿਚਾਰ ਵਿਟਾਦਰਾਂ ਕੀਤਾ ਗਿਆ ।

# ਰਾਮਸਰਾ ਰੋੜ ਦਾ ਖੁਸਬਾਜ ਸਿੰਘ ਜਟਾਨਾ ਨੇ ਕੀਤਾ ਉਦਘਾਟਨ, ਗਊਸਾਲ ਵਿਖੇ ਦਸ ਲੱਖ ਰੁਪਏ ਦੀ ਲਾਗਤ ਨਾਲ ਬਣਨ ਵਾਲੇ ਸੈੱਡ ਦਾ ਨੀਂਹ ਪੱਥਰ ਰੱਖਿਆ

**ਰਾਮਾਂ ਮੰਡੀ/ਅਨਿਲ ਜੈਨ**

ਹਲਕਾ ਤਲਵੰਡੀ ਸਾਬੋ ਤੋਂ ਕਾਂਗਰਸ ਪਾਰਟੀ ਦੇ ਮੁੱਖ ਸੇਵਾਦਾਰ ਸ੍ਰ.ਖੁਸ਼ਬਾਜ ਸਿੰਘ ਜਟਾਣਾ ਨੇ ਅੱਜ ਆਪਣੇ ਰਾਮਾਂ ਮੰਡੀ ਦੇ ਵਿਸ਼ੇਸ਼ ਦੋਰੇ ਦੋਰਾਨ ਨਗਰ ਕੋਸਲ ਦਫਤਰ 'ਚ ਲੋਕਾਂ ਦੀਆਂ ਮੁਸ਼ਕਿਲਾਂ ਸੁਣੀਆਂ । ਇਸ ਤੋਂ ਬਾਅਦ ਹਲਕਾ ਸੇਵਾਦਾਰ ਖੁਸਬਾਜ ਜਟਾਨਾ ਨੇ ਮਾਰਕੀਟ ਦਫਤਰ ਨੇੜੇ ਮੀਂਹ ਦੇ ਪਾਣੀ ਦੀ ਸਮੱਸਿਆ ਦੇ ਹੱਲ ਲਈ ਬਣਾਏ ਗਏ ਬੋਰਵੈਲ, ਰਾਮਸਰਾ ਰੇਲਵੇ ਫਾਟਕ ਤੋ ਲੈ ਕੇ ਰਜਵਾਹਾ ਪੁੱਲ ਤੱਕ ਨਵੀਂ ਉਸਾਰੀ ਗਈ ਸੜਕ ਅਤੇ ਰਾਮਸਰਾ ਰੋਡ 'ਤੇ ਸਥਿਤ ਗਊਸ਼ਾਲਾ 'ਚ 1600 ਫੁੱਟ ਥਾਂ 'ਤੇ ਗਊਆ ਦੀ ਸਹੂਲਤ ਲਈ ਦੱਸ ਲੱਖ ਰੁਪਏ ਦੀ ਲਾਗਤ ਨਾਲ ਲਗਾਏ ਜਾਣ ਵਾਲੇ ਪੱਕੇ ਫਰਸ਼ ਅਤੇ ਛਾਂ ਲਈ ਪਾਏ ਜਾਣ ਵਾਲੇ ਸ਼ੈਡ ਦਾ ਨੀਂਹ ਪੱਥਰ ਰੱਖਿਆ। ਇਸ ਮੋਕੇ ਸ੍ਰ.ਜਟਾਣਾ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਹਲਕਾ ਮੇਰਾ ਪਰਿਵਾਰ ਹੈ ਇਸ ਲਈ ਹਲਕੇ ਦੇ ਲੋਕਾਂ ਦੀ ਹਰ ਮੁਸ਼ਕਿਲ ਦਾ ਹੱਲ ਕਰਨਾ ਮੇਰਾ ਮੁੱਖ ਮਕਸਦ ਹੈ। ਇਸ ਮੋਕੇ ਬੇਅੰਤ ਸਿੰਘ ਬੰਗੀ ਚੇਅਰਮੈਨ ਬਲਾਕ ਸੰਮਤੀ, ਰਮੇਸ਼ ਰਾਮਾਂ ਸੂਬਾ ਸਕੱਤਰ, ਅਸ਼ੋਕ ਕੁਮਾਰ ਸਿੰਗਲਾ ਸ਼ਹਿਰੀ ਪ੍ਰਧਾਨ, ਕ੍ਰਿਸ਼ਨ ਕੁਮਾਰ ਕਾਲਾ ਪ੍ਰਧਾਨ ਨਗਰ ਕੋਂਸਲ, ਸਰਬਜੀਤ ਸਿੰਘ ਸਰਬੀ ਮੀਤ ਪ੍ਰਧਾਨ, ਪ੍ਰਵੀਨ ਕੁਮਾਰ ਪੱਕਾ ਐਮ.ਸੀ., ਸੇਠ ਭੂਰਾ ਮੱਲ ਪ੍ਰਧਾਨ ਆੜਤੀ ਐਸੋਸੀਏਸਨ, ਮਨੋਜ ਕੁਮਾਰ ਸੀਂਗੋ ਕੋਂਸਲਰ ਤਰਸੇਮ ਨਾਗਰ, ਕਾਲਾ ਸ਼ਰਮਾ, ਅੰਮ੍ਰਿਤਪਾਲ ਬਖਤੂ, ਨਰੇਸ਼ ਕੁਮਾਰ ਗੋਇਲ ਠੂਨੀਆ, ਮੋਹਨ ਲਾਲ ਮਿੱਤਲ, ਸੁਰਿੰਦਰ ਕੁਮਾਰ ਮਹੇਸ਼ਵਰੀ , ਗੋਲਡੀ ਮਹੇਸਵਰੀ ਹਾਜਰ ਸਨ ।



# 17 ਸਤੰਬਰ ਨੂੰ ਪਟਿਆਲਾ ਵਿਖੇ ਮਾਣ ਭੱਤਾ ,ਕੱਚਾ ਤੇ ਕੰਟਰੈਕਟ ਮੋਰਚੇ ਵਲੋਂ ਤਿੰਨ ਰੋਜਾ ਲਾਉਣਗੇ ਧਰਨਾ

## ਹੱਕਾਂ ਦੀ ਰਾਖੀ ਲਈ ਵੱਡੇ ਪੱਧਰ ਤੇ ਤਿਆਰੀਆਂ ਸ਼ੁਰੂ



**ਗੁਰਦਾਸਪੁਰ-ਨਵਨੀਤ ਕੁਮਾਰ**

ਮਾਣ ਭੱਤਾ , ਕੰਟਰੈਕਟ ਤੇ ਕੱਚੇ ਮੁਲਾਜਮ ਮੋਰਚੇ ਵਲੋਂ 17 ਸਤੰਬਰ ਤੋਂ ਪਟਿਆਲਾ ਵਿਖੇ ਤਿੰਨ ਰੋਜਾ ਮੋਰਚਾ ਲਗਾਇਆ ਜਾ ਰਿਹਾ ਹੈ। ਇਸ ਲਈ ਵੱਖ-ਵੱਖ ਵਿਭਾਗਾਂ ਦੀਆਂ ਜਥੇਬੰਦੀਆਂ ਵੱਲੋਂ ਬਾਕਾਇਦਾ ਲਾਮਬੰਦੀ ਸੁਰੂ ਕਰ ਦਿੱਤੀ ਹੈ।ਆਸ਼ਾ ਵਰਕਰ ਤੇ ਫੈਸਿਲੀਟੇਟਰ ਯੂਨੀਅਨ ਦੀ ਆਗੂ ਸਰਬਜੀਤ ਕੌਰ ਮਚਾਕੀ, ਮਿਡ-ਡੇ-ਮੀਲ ਵਰਕਰਜ ਯੂਨੀਅਨ ਦੀ ਆਗੂ ਮਮਤਾ ਸ਼ਰਮਾਂ, ਡੈਮੋਕ੍ਰੇਟਿਕ ਜੰਗਲਾਤ ਮੁਲਾਜਮ ਯੂਨੀਅਨ ਦੇ ਆਗੂ ਰਛਪਾਲ ਸਿੰਘ, ਸਰਵ ਸਿੰਘ ਅਭਿਆਨ/ਮਿਡ-ਡੇ-ਮੀਲ ਦਫਤਰੀ ਕਰਮਚਾਰੀ ਯੂਨੀਅਨ ਦੇ ਆਗੂ ਪ੍ਰਵੀਨ ਸ਼ਰਮਾਂ, ਕੰਟਰੈਕਟ ਮਲਟੀਪਰਜ ਹੈਲਥ ਵਰਕਰਜ ਯੂਨੀਅਨ(ਫੀਮੇਲ) ਦੀ ਆਗੂ ਕਿਰਨਜੀਤ ਕੌਰ, ਨਰਸਿੰਗ ਸਟਾਫ ਐਸੋਸੀਏਸ਼ਨ ਦੀ ਆਗੂ ਜਸਵਿੰਦਰ ਕੌਰ ਅਤੇ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਆਦਰਸ਼ ਸਕੂਲਾਂ ਦੇ ਆਗੂ ਗੁਰਪਿਆਰ ਸਿੰਘ ਦੀ ਅਗਵਾਈ ਵਿੱਚ ਮੀਟਿੰਗ ਕੀਤੀ ਗਈ। ਪ੍ਰੈਸ ਨੂੰ ਜਾਣਕਾਰੀ ਦਿੰਦੇ ਹੋਏ ਮੋਰਚੇ ਦੀ ਆਗੂ ਬਲਵਿੰਦਰ ਕੌਰ ਅਲੀ ਸੇਰ ਗੁਰਦਾਸਪੁਰ ਨੇ ਦੱਸਿਆ ਕਿ ਸਮੂਹ ਕੱਚੇ ਤੇ ਠੇਕਾ ਅਧਾਰਿਤ ਮੁਲਾਜਮਾਂ ਨੂੰ ਪੱਕੇ ਕਰਵਾਉਣ ਅਤੇ ਮਾਣ-ਭੱਤਾ ਵਰਕਰਾਂ ਤੇ ਘੱਟੋ-ਘੱਟ ਉਜਰਤਾਂ ਕਾਨੂੰਨ ਲਾਗੂ ਕਰਵਾਉਣ ਲਈ ਸੰਘਰਸ ਦੇ ਅਗਲੇ ਪੜਾਅ ਤਹਿਤ ਹੇਠ ਲਿਖੇ ਫੈਸਲੇ ਕੀਤੇ ਗਏ :

17 ਤੋਂ 19 ਸਤੰਬਰ ਤੱਕ ਪਟਿਆਲਾ ਵਿਖੇ ਤਿੰਨ ਦਿਨਾਂ ਦਾ ਮੋਰਚਾ ਲਗਾਇਆ ਜਾਵੇਗਾ ਪਟਿਆਲਾ ਮੋਰਚੇ ਦੀ ਤਿਆਰੀ ਲਈ ਸਮੂਹ ਜਥੇਬੰਦੀਆਂ ਫੰਡ ਅਤੇ ਲਾਮਬੰਦੀ ਮੁਹਿਮ ਚਲਾਉਣਗੀਆਂ ਮੋਰਚੇ ਦੌਰਾਨ ਲੰਗਰ ਦੇ ਪ੍ਰਬੰਧਾਂ ਲਈ ਸਾਰੇ ਜਿਲਿਆਂ ਵੱਲੋਂ ਰਾਸ਼ਨ ਇਕੱਤਰ ਕੀਤਾ ਜਾਵੇਗਾ। 'ਪੰਜਾਬ-ਯੂ.ਟੀ. ਮੁਲਾਜਮ ਤੇ ਪੈਨਸ਼ਨਰਜ ਸਾਂਝਾ ਫਰੰਟ' ਵੱਲੋਂ 11 ਸਤੰਬਰ ਨੂੰ ਚੰਡੀਗੜ੍ਹ ਵਿਖੇ ਕੀਤੀ ਜਾ ਰਹੀ ਸੂਬਾਈ ਰੈਲੀ ਵਿੱਚ ਵੱਡੇ ਪੱਧਰ ਤੇ ਸ਼ਮੂਲੀਅਤ ਕੀਤੀ ਜਾਵੇਗੀ। ਮੀਟਿੰਗ ਵਿੱਚ ਮੋਰਚੇ ਦੇ ਆਗੂ ਬਲਵੀਰ ਸੀਵੀਆ, ਹਰਜੀਤ ਕੌਰ ਸਮਰਾਲਾ, ਸ਼ਕੁੰਤਲਾ ਸਰੋਏ, ਗੁਰਜੀਤ ਕੌਰ ਸ਼ਾਹਕੋਟ, ਮਨਦੀਪ ਕੌਰ, ਮਨਪ੍ਰੀਤ ਕੌਰ, ਪਰਮਜੀਤ ਕੌਰ, ਕਰਮਜੀਤ ਕੌਰ, ਨਵਦੀਪ ਕੌਰ, ਦਵਿੰਦਰ ਕੌਰ, ਗੁਰਜੀਤ ਕੌਰ, ਜਤਿੰਦਰ ਸ਼ਰਮਾਂ, ਛਿੰਦਾ ਸਿੰਘ, ਗੁਰਮੇਲ ਸਿੰਘ ਤੋਂ ਇਲਾਵਾ ਡੈਮੋਕ੍ਰੇਟਿਕ ਮੁਲਾਜਮ ਫੈਡਰੇਸਨ ਦੇ ਸੂਬਾ ਪ੍ਰਧਾਨ ਜਰਮਨਜੀਤ ਸਿੰਘ, ਜਨਰਲ ਸਕੱਤਰ ਹਰਦੀਪ ਟੋਡਰਪੁਰ, ਸੂਬਾਈ ਆਗੂ ਵਿਕਰਮਦੇਵ ਸਿੰਘ, ਮੁਕੇਸ਼ ਗੁਜਰਾਤੀ, ਰਮਨਜੀਤ ਸੰਧੂ, ਗੁਰਮੀਤ ਸੁਖਪੁਰ ਤੇ ਅਧਿਆਪਕ ਆਗੂ ਗੁਰਮੇਲ ਭਟਾਲ ਵੀ ਹਾਜਰ ਸਨ।







# ਤਿਉਹਾਰੀ ਸੀਜ਼ਨ ਦੇ ਮੱਦੇਨਜ਼ਰ ਫੂਡ ਵਿੰਗ ਵਲੋਂ ਸਵੀਪ ਸ਼ਾਪ ਮਾਲਕਾਂ ਨਾਲ ਮੀਟਿੰਗ



**ਕਪੂਰਥਲਾ/ਲੋਕ ਬਾਣੀ**

ਤਿਉਹਾਰੀ ਸੀਜ਼ਨ ਦੇ ਮੱਦੇਨਜ਼ਰ ਸਾਫ ਸਫਾਈ ਯਕੀਨੀ ਬਣਾਉਣ ਤੇ ਕੇਵਲ ਗੁਣਵੱਤਾ ਭਰਪੂਰ ਮਠਿਆਈਆਂ ਤੇ ਦੁੱਧ ਦੇ ਪਦਾਰਥਾਂ ਦੀ ਉਪਲਬਧਤਾ ਯਕੀਨੀ ਬਣਾਉਣ ਲਈ ਸਹਾਇਕ ਫੂਡ ਕਮਿਸ਼ਨਰ ਸ੍ਰੀ ਹਰਜੋਤ ਪਾਲ ਸਿੰਘ ਤੇ ਫੂਡ ਵਿੰਗ ਕਪੂਰਥਲਾ ਵਲੋਂ ਸਵੀਟ ਸ਼ਾਪ ਮਾਲਕਾਂ ਨਾਲ ਮੀਟਿੰਗ ਕੀਤੀ ਗਈ। ਉਨ੍ਹਾਂ ਮੀਟਿੰਗ ਦੌਰਾਨ ਕਿਹਾ ਕਿ ਫੂਡ ਅਤੇ ਡਰੱਗ ਐਡਮਿਨਸਟਰੇਸ਼ਨ ਪੰਜਾਬ ਵੱਲੋਂ ਸਾਰੇ ਫੂਡ ਵਪਾਰੀਆਂ ਹਲਵਾਈ, ਬੇਕਰੀ, ਹੋਟਲ, ਰੈਸਟੋਰੈਂਟ, ਫਾਸਟ ਫੂਡ, ਰਿਟੇਲ, ਹੋਲਸੇਲ ਵਿਕਰੇਤਾਵਾਂ ਆਦਿ ਨੂੰ ਤਿਉਹਾਰੀ ਸੀਜ਼ਨ ਦੇ ਸਬੰਧੀ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ। ਉਨ੍ਹਾਂ ਕਿਹਾ ਕਿ ਦੁਕਾਨਦਾਰ ਆਪਣੇ ਵਪਾਰਕ ਅਦਾਰੇ ਦੀ ਦੀਵਾਲੀ ਤਿਉਹਾਰ ਤੋਂ ਪਹਿਲਾਂ ਸਾਫ ਸਫਾਈ ਯਕੀਨੀ ਬਣਾਵੇ ਤੇ ਪੈਸਟ ਕੰਟਰੋਲ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾਵੇ । ਇਸ ਤੋਂ ਇਲਾਵਾ ਵੇਸਟ ਪਾਣੀ ਆਦਿ ਦੇ ਡਰੇਨੇਜ ਦਾ ਪੂਰਾ ਪ੍ਰਬੰਧ ਹੋਵੇ। ਉਨ੍ਹਾਂ ਕਿਹਾ ਕਿ ਮਸ਼ੀਨਰੀ ਅਤੇ ਹੋਰ ਸਾਜੋ-ਸਮਾਨ ਜੋ ਕਿ ਖਾਣ-ਪੀਣ ਦੀਆਂ ਵਸਤਾਂ ਦੇ ਸਬੰਧ ਵਿੱਚ ਵਰਤਿਆ ਜਾਂਦਾ ਹੈ, ਦੀ ਸੰਭਾਲ/ਮੇਨਟੇਨੈਂਸ/ਰਿਪੇਅਰ ਆਦਿ ਕਰਵਾਈ ਜਾਵੇ। ਇਸ ਤੋਂ ਇਲਾਵਾ ਜੋ ਵਰਤੋਂ ਵਿੱਚ ਲਿਆਉਣਯੋਗ ਨਹੀਂ ਰਿਹਾ ਉਸਨੂੰ ਕਬਾੜ ਨੂੰ ਡਿਸਪੋਜ ਆਫ ਕਰ ਦਿੱਤਾ ਜਾਵੇ। ਅਦਾਰੇ ਵਿੱਚ ਸਥਿਤ ਵਾਸ਼ਰੂਮ ਆਦਿ ਦੀ ਸਾਫ-ਸਫਾਈ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾਵੇ।

# ਆਪਣੀ ਅੱਖਾਂ ਦੀ ਸੁਰੱਖਿਆ ਅਤੇ ਅੱਖਾਂ ਦਾਨ ਹਿਤ ਜਾਗਰੂਕ ਕੀਤਾ




**ਪਟਿਆਲਾ/ਜਗਦੀਸ ਰਾਈਕਾ**

ਦੇਸ ਵਿੱਚ ਚਲ ਰਹੇ ਅੱਖਾਂ ਸੰਭਾਲ ਅਤੇ ਅੱਖਾਂ ਦਾਨ ਕਰਨ ਦੇ ਪੰਦਰਵਾੜਾ ਦੇ ਸਬੰਧ ਵਿੱਚ ਗਰੀਨ ਵੈਲ ਹਾਈ ਸਕੂਲ ਚਹਿਲ ਕੁਆਰਟਰ ਪਟਿਆਲਾ ਵਿਖੇ ਬੱਚਿਆ ਦੀਆ ਅੱਖਾਂ ਦੀ ਜਾਚ ਡਾ ਮੇਜਰ ਅਨੀਲ ਪਾਠਕ ਨੇ ਕੀਤੀ ਅਤੇ ਦੱਸਿਆ ਕਿ ਮੋਬਾਈਲ ਟੀ ਵੀ ਕੰਪਿਊਟਰ ਦੀ ਲਗਾਤਾਰ ਲੰਮੇ ਸਮੇਂ ਤੱਕ ਵਰਤੋ ਅਤੇ ਲੰਮਾ ਸਮਾਂ ਘਰਾਂ ਵਿੱਚ ਬੰਦ ਰਹਿਣ, ਕਸਰਤ ਯੋਗਾ ਸੈਰ ਦੀ ਕਮੀ ਅਤੇ ਫਾਸਟ ਫੂਡ ਕਾਰਨ ਵਿਦਿਆਰਥੀਆਂ ਦੀ ਅੱਖਾਂ ਦੀ ਰੌਸ਼ਨੀ ਕਾਫੀ ਘੱਟ ਰਹੀ ਹੈ। ਡਾਕਟਰ ਪਾਠਕ ਨੇ ਅੱਖਾਂ ਦੀ ਰੌਸ਼ਨੀ ਵਧਾਉਣ ਅਤੇ ਅੱਖਾਂ ਦੀ ਸੰਭਾਲ ਬਾਰੇ ਬਚਿਆ ਅਧਿਆਪਕਾਂ ਨੂੰ ਜਾਣਕਾਰੀ ਦਿੱਤੀ।ਉਨਾਂ ਨੇ ਗਰੀਨ ਵੈਲ ਸਕੂਲ ਦੇ ਡਾਇਰੈਕਟਰ, ਪ੍ਰਿੰਸੀਪਲ ਅਤੇ ਸਟਾਫ ਮੈਂਬਰਾਂ ਦੀ ਪ੍ਰਸੰਸਾ ਕੀਤੀ ਜੋ ਬੱਚਿਆ ਨੂੰ ਚੰਗੀ ਸਿਹਤ ਤੰਦਰੁਸਤੀ ਖੁਸ਼ਹਾਲੀ ਸੁਰੱਖਿਆ ਬਾਰੇ ਜਾਣਕਾਰੀ ਦਿਲਵਾਉਣ ਲਈ ਸ੍ਰੀ ਕਾਕਾ ਰਾਮ ਵਰਮਾ ਅਤੇ ਦੂਸਰੇ ਵਿਸ਼ਾ ਮਾਹਿਰਾਂ ਨੂੰ ਬੁਲਾਕੇ ਵਿਦਿਆਰਥੀਆਂ ਦੇ ਗਿਆਨ ਵਿੱਚ ਵਾਧਾ ਕਰਵਾਉਦੇ ਰਹਿੰਦੇ ਹਨ। ਸ੍ਰੀ ਕਾਕਾ ਰਾਮ ਵਰਮਾ ਨੇ ਦੱਸਿਆ ਕਿ ਇਸ ਸਕੂਲ ਦੇ ਸਾਰੇ ਬੱਚਿਆਂ ਨੂੰ ਫਸਟ ਏਡ ਸੀਪੀਆਰ ਬਣਾਉਟੀ ਸਾਹ ਕਿਰਿਆ ਫਾਇਰ ਸੇਫਟੀ ਸਿਲੰਡਰਾਂ ਦੀ ਵਰਤੋ ਬਾਰੇ ਜਾਣਕਾਰੀ ਹੈ ਕਿਉਂਕਿ ਸਕੂਲ ਡਾਇਰੈਕਟਰ ਸ੍ਰੀਮਤੀ ਮੰਜੂ ਜੀ ਬੱਚਿਆ ਦੀ ਸੁਰੱਖਿਆ ਅਤੇ ਸਿੱਖਿਆ ਦੇ ਅਧਿਕਾਰ ਅਨੁਸਾਰ ਸਕੂਲ ਵਿਖੇ ਸੇਫਟੀ ਬਚਾਓ ਮਦਦ ਅਨੁਸ਼ਾਸਨ ਸਿਹਤ ਨਸ਼ਿਆ ਅਪਰਾਧਾਂ ਹਾਦਸਿਆਂ ਬਾਰੇ ਬਚਿਆ ਨੂੰ ਸਮਝਾਉਣ ਹਿਤ ਪਹਿਲ ਦੇ ਆਧਾਰ ਤੇ ਯਤਨ ਕਰਦੇ ਰਹੇ ਹਨ। ਮਿਸਜ ਮੰਜੂ ਜੀ ਡਾਇਰੈਕਟਰ ਮੈਡਮ ਨੇ ਦੱਸਿਆ ਕਿ ਸਿੱਖਿਆ ਦਾ ਉਦੇਸ਼ ਡਿਗਰੀਆਂ ਲੈਣਾ ਨਹੀਂ ਸਗੋ ਬੱਚਿਆ ਵਿੱਚ ਮਾਨਵਤਾਵਾਦੀ ਗਿਆਨ ਦੇ ਨਾਲ ਨਾਲ ਸੰਸਕਾਰ ਫਰਜਾਂ ਜੁਮੇਵਾਰੀਆ ਅਤੇ ਸੰਕਟ ਸਮੇਂ ਪਰਿਵਾਰਕ ਮੈਂਬਰਾਂ ਸਾਥੀਆ ਅਤੇ ਪੜੋਸੀਆ ਦੀ ਠੀਕ ਮਦਦ ਕਰਨ ਹਿਤ ਬਚਿਆ ਨੂੰ ਸਿੱਖਿਅਕ ਅਤੇ ਤਿਆਰ ਕਰਨਾ ਵੀ ਹੈ।



# ਜਾਗਦੇ ਰਹੋ ਕਲੱਬ ਦਾ ਖ਼ੂਨਦਾਨ ਲਹਿਰ ਨੂੰ ਪ੍ਰਫੁੱਲਿਤ ਕਰਨ ਵਿੱਚ ਵੱਡਾ ਯੋਗਦਾਨ : ਹਰਿੰਦਰਪਾਲ ਸਿੰਘ ਚੰਦੂਮਾਜਰਾਂ

**ਘਨੌਰ/ਸਰਦਾਰਾ ਸਿੰਘ ਲਾਛੜੂ**

ਜਾਗਦੇ ਰਹੋ ਕਲੱਬ ਪਟਿਆਲਾ ਨੇ ਬਸੰਤ ਰਿਤੂ ਯੂਥ ਕਲੱਬ ਤ੍ਰਿਪੜੀ ਸੰਬੰਧਿਤ ਨਹਿਰੂ ਯੁਵਾਂ ਕੇਂਦਰ ਪਟਿਆਲਾ ਦੇ ਸਹਿਯੋਗ ਨਾਲ ਖੰਨਾ ਹਸਪਤਾਲ ਦੇਵੀਗੜ੍ਹ ਵਿਖੇ,ਖ਼ੂਨਦਾਨ ਕੈਂਪ ਲਾਇਆ। ਖ਼ੂਨਦਾਨ ਕੈਂਪ ਦਾ ਰਸਮੀਂ ਉਦਘਾਟਨ ਸਤਨਾਮ ਸਿੰਘ ਚੱਕੂ ਲਦਾਣਾਂ ਨੇ ਤੀਜੀ ਵਾਰ,ਰਵਿੰਦਰ ਸਿੰਘ ਸਾਬਕਾ ਸਰਪੰਚ

ਅਤੇ ਮਾਸਟਰ ਜੈ ਸਿੰਘ ਰੁੜਕੀ ਨੇ ਖ਼ੂਨਦਾਨ ਕਰਕੇ ਕੀਤਾ। ਮੁੱਖ ਮਹਿਮਾਨ ਦੇ ਤੌਰ ਸ੍ਰ:ਹਰਿੰਦਰਪਾਲ ਸਿੰਘ ਚੰਦੂਮਾਜਰਾਂ ਐੱਮ.ਐੱਲ.ਏ.ਸਨੌਰ ਨੇ ਵਿਸੇਸ਼ ਤੌਰ ਸਿਰਕਤ ਕੀਤੀ।ਵਿਸੇਸ਼ ਮਹਿਮਾਨ ਡਾ:ਯਸ਼ਪਾਲ ਖੰਨਾ,ਸੁਖਬੀਰ ਸਿੰਘ ਅਬਲੋਵਾਲ, ਅਤੇ ਸੰਦੀਪ ਸਿੰਘ ਰਾਜਾ ਤੁੜ ਸਨ।ਹਰਿੰਦਰਪਾਲ ਸਿੰਘ ਚੰਦੂਮਾਜਰਾਂ ਐੱਮ.ਐੱਲ.ਏ.ਸਨੌਰ ਨੇ ਕਿਹਾ ਕਿ ਜਾਗਦੇ ਰਹੋ ਕਲੱਬ ਦਾ ਖ਼ੂਨਦਾਨ ਲਹਿਰ ਨੂੰ ਪ੍ਰਫੁੱਲਿਤ ਕਰਨ ਵਿੱਚ ਬਹੁਤ ਵੱਡਾ ਯੋਗਦਾਨ ਹੈ।ਅੱਜ ਦੇ ਸਮੇਂ ਦੀ ਮੁੱਖ ਲੋੜ ਹੈ,ਖ਼ੂਨਦਾਨ ਲਹਿਰ ਨੂੰ ਘਰ-ਘਰ ਪਹੁੰਚਾਉਣ ਦੀ,ਤਾਂ ਜੋ ਹਰੇਕ ਪਰਿਵਾਰ ਅੰਦਰ ਘੱਟੋ-ਘੱਟ ਇਕ ਖ਼ੂਨਦਾਨੀਂ ਦਾ ਹੋਣਾ ਲਾਜਮੀਂ ਹੈ।ਅਕਾਲੀ ਦਲ ਦੀ ਸਰਕਾਰ ਆਉਣ ਤੇ ਜਾਗਦੇ ਰਹੋ ਕਲੱਬ ਪਟਿਆਲਾ ਨੂੰ ਵਿਸੇਸ਼ ਤੌਰ ਤੇ ਸਨਮਾਨਿਤ ਕੀਤਾ ਜਾਵੇਗਾ।ਖ਼ੂਨਦਾਨ ਮਹਾਂਦਾਨ ਹੈ,ਤੁਹਾਡਾ ਦਿੱਤਾ ਹੋਇਆ ਖ਼ੂਨ ਲੋੜਵੰਦਾਂ ਮਰੀਜਾਂ ਦੀਆਂ ਜਾਨਾਂ ਬਚਾਉਣ ਵਿੱਚ ਸਹਾਈ ਸਿੱਧ ਹੁੰਦਾ ਹੈ। ਖ਼ੂਨਦਾਨ ਕਰਨ ਲਈ ਨੌਜਵਾਨ ਵੀਰ ਜ਼ਰੂਰ ਅੱਗੇ ਆਉਣ,ਅਤੇ ਆਪਣਾ ਬਣਦਾ ਯੋਗਦਾਨ ਪਾਉਣ।ਵਰਧਮਾਨ ਬਲੱਡ ਸੈਂਟਰ ਪਟਿਆਲਾ ਦੀ ਟੀਮ ਵੱਲੋਂ 24 ਯੂਨਿਟ ਖ਼ੂਨ ਇਕੱਤਰ ਕੀਤਾ ਗਿਆ। ਕਲੱਬ ਪ੍ਰਧਾਨ ਅਮਰਜੀਤ ਸਿੰਘ ਜਾਗਦੇ ਰਹੋ ਨੇ ਦੱਸਿਆ ਕਿ 13 ਸਤੰਬਰ ਨੂੰ ਕਾਰਗਿਲ ਦੇ ਸਹੀਦ ਨਾਇਕ ਮਲਕੀਤ ਸਿੰਘ ਹਡਾਣਾ ਜੀ ਦੀ ਬਰਸੀ ਮੌਕੇ ਖ਼ੂਨਦਾਨ ਕੈਂਪ ਪਿੰਡ ਹਡਾਣਾ ਵਿਖੇ,ਲਗਾਇਆ ਜਾਵੇਗਾ।ਸੁਖਬੀਰ ਸਿੰਘ ਅਬਲੋਵਾਲ ਵੱਲੋਂ ਸਮੂਹ ਖ਼ੂਨਦਾਨੀਆਂ ਨੂੰ ਕਲੱਬ ਦਾ ਬੈਜ ਲਗਾ ਕੇ ਅਤੇ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ ਗਿਆ।ਲਖਮੀਰ ਸਿੰਘ ਸਲੋਟ ਵਲੋਂ ਆਏ ਹੋਏ, ਮਹਿਮਾਨਾਂ ਅਤੇ ਸਾਰੇ ਟੀਮ ਮੈਂਬਰਾਂ ਦਾ ਦਿਲੋਂ ਧੰਨਵਾਦ ਕੀਤਾ ਗਿਆ।ਇਸ ਮੌਕੇ ਚੇਅਰਮੈਨ ਹਰਫੂਲ ਸਿੰਘ ਭੰਗੂ,ਗੁਲਾਬ ਸਿੰਘ ਦੂੰਦੀਮਾਜਰਾਂ,ਨਿਰਮਲ ਸਿੰਘ ਮਜਾਲੀਆਂ,ਸਾਨਵੀਰ ਸਿੰਘ ਬ੍ਰਹਮਪੁਰ,ਸੰਨੀ ਹਸਨਪੁਰ,ਸੁਖਵਿੰਦਰ ਸਿੰਘ ਪਠਾਨਮਾਜਰਾ,ਲਖਵਿੰਦਰ ਸਿੰਘ ਬਡਲਾ,ਗੁਰਮੀਤ ਸਿੰਘ ਹਡਾਣਾ,ਪ੍ਰਗਟ ਸਿੰਘ ਵਜੀਦਪੁਰ,ਦੀਦਾਰ ਸਿੰਘ ਬੋਸਰਕਲਾਂ,ਸੰਜੀਵ ਸਰਮਾਂ ਸਨੌਰ,ਬਲਬੀਰ ਸਿੰਘ ਕਰਨਪੁਰ,ਗੋਲਡੀ ਬਰਕਤਪੁਰ,ਜਾਗਦੇ ਰਹੋ ਸਿੰਘ,ਦਰਸਨ ਸਿੰਘ ਸਾਬਕਾ ਸਰਪੰਚ, ਅਤੇ ਕਲੱਬ ਪ੍ਰਧਾਨ ਅਮਰਜੀਤ ਸਿੰਘ ਜਾਗਦੇ ਰਹੋ ਵਿਸੇਸ਼ ਤੌਰ ਤੇ ਹਾਜ਼ਰ ਸਨ।

# ਪੰਜਾਬ ਸਰਕਾਰ ਨੇ ਪੈਨਸ਼ਨ ਦੁੱਗਣੀ ਕਰਕੇ 27 ਲੱਖ ਲੋਕਾਂ ਦਾ ਜਿੱਤਿਆ ਦਿਲ, ਚੇਅਰਮੈਨ ਭੱਟੀ, ਨੋਸ਼ਹਿਰਾ





**ਦੀਨਾਨਗਰ/ਡਾ.ਰਮੇਸ਼ ਸਰੰਗਲ**

ਪੰਜਾਬ ਸਰਕਾਰ ਵੱਲੋਂ 2017 ਦੀਆਂ ਚੋਣਾਂ ਚ ਪੈਨਸ਼ਨ ਚ ਵਾਧਾ ਕਰਨ ਵਾਲੇ ਕੀਤੇ ਵਾਅਦੇ ਤੇ ਮੋਹਰ ਲਗਾ ਦਿੱਤੀ ਹੈ ਜਿਸ ਨਾਲ ਸੂਬੇ ਭਰ ਦੇ 27 ਲੱਖ ਪੈਨਸ਼ਨ ਹੋਲਡਰਾਂ ਚ ਖੁਸ਼ੀ ਦੀ ਲਹਿਰ ਪਾਈ ਜਾ ਰਹੀ ਹੈ।

ਪੰਜਾਬ ਸਰਕਾਰ ਨੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਚ ਅਤੇ ਸੂਬੇ ਦੀ ਸਮਾਜਿਕ ਸੁਰੱਖਿਆ, ਮਹਿਲਾ ਤੇ ਬਾਲ ਵਿਕਾਸ ਮੰਤਰੀ ਅਰੁਨਾ ਚੌਧਰੀ ਦੇ ਵਿਸੇਸ ਯਤਨਾਂ ਸਦਕਾ ਬਜੁਰਗ, ਵਿਧਵਾਵਾਂ, ਬੇਸਹਾਰਾ ਤੇ ਅੰਗਹੀਣਾਂ ਦੀ ਪੈਨਸਨ 750 ਰੁਪਏ ਤੋਂ ਵਧਾ ਕੇ 1500 ਸੌ ਰੁਪਏ ਪ੍ਰਤੀ ਮਹੀਨਾ ਕਰਕੇ ਪੰਜਾਬ ਦੇ 27 ਲੱਖ ਲੋਕਾਂ ਨੂੰ ਲਾਭ ਪਹੁੰਚਾਇਆ ਹੈ ਜੋ ਕਿ ਬਹੁਤ ਹੀ ਸ਼ਲਾਘਾਯੋਗ ਕਦਮ ਹੈ ਇਹ ਵਿਚਾਰ ਬਲਾਕ ਸੰਮਤੀ ਦੀਨਾਨਗਰ ਦੇ

ਚੇਅਰਮੈਨ ਹਰਵਿੰਦਰ ਸਿੰਘ ਭੱਟੀ ਅਤੇ ਬਲਾਕ ਸੰਮਤੀ ਮੈਂਬਰ ਅਤੇ ਸੀਨੀਅਰ ਕਾਂਗਰਸੀ ਨੇਤਾ ਵਰਿੰਦਰ ਨੋਸ਼ਹਿਰਾ ਨੇ ਇਕ ਵਿਸ਼ੇਸ਼ ਮੁਲਾਕਾਤ ਦੌਰਾਨ ਕਹੇ ।ਚੇਅਰਮੈਨ ਭੱਟੀ ਅਤੇ ਵਰਿੰਦਰ ਨੋਸ਼ਹਿਰਾ ਨੇ ਸਾਂਝੇ ਬਿਆਨ ਚ ਕਿਹਾ ਕਿ ਕਾਂਗਰਸ ਨੇ 2017 ਦੀਆਂ ਚੋਣਾਂ ਸਮੇਂ ਬਜੁਰਗਾਂ, ਵਿਧਵਾਵਾਂ, ਬੇਸਹਾਰਾ ਤੇ ਅੰਗਹੀਣਾਂ ਪੈਨਸਨ ਧਾਰਕਾਂ ਨਾਲ ਪੈਨਸ਼ਨ ਦੁਗਣੀ ਕਰਨ ਦਾ ਜੋ ਵਾਅਦਾ ਕੀਤਾ ਸੀ ਉਸਨੂੰ ਪੂਰਾ ਕਰ ਦਿੱਤਾ ਗਿਆ ਹੈ ।ਉਹਨਾਂ ਕਿਹਾ ਕਿ ਜਦੋ ਜਦੋਂ ਵੀ ਪੈਨਸਨ ਵਧੀ ਹੈ ਕਾਂਗਰਸ ਪਾਰਟੀ ਦੇ ਕਾਰਜਕਾਲ ਦੌਰਾਨ ਹੀ ਵਧੀ ਹੈ। ਉਨਾਂ ਕਿਹਾ ਕਿ ਇਸਤੋ ਸਾਫ ਹੈ ਕਿ ਕਾਂਗਰਸ ਪਾਰਟੀ ਹੀ ਪੰਜਾਬ ਦੇ ਲੋਕਾਂ ਦੀ ਹਮਾਇਤੀ ਪਾਰਟੀ ਹੈ ਜਿਸਨੂੰ ਸੂਬੇ ਦੇ ਹਰ ਵਰਗ ਦੀ ਫਿਕਰ ਹੈ। ਉਹਨਾਂ ਨੇ ਦੀਨਾਨਗਰ ਹਲਕੇ ਦੀ ਗੱਲ ਕਰਦਿਆਂ ਕਿਹਾ ਕਿ ਇਹ ਕੈਬਨਿਟ ਮੰਤਰੀ ਅਰੁਨਾ ਚੌਧਰੀ ਦੀ ਵਿਕਾਸ ਪੱਖੀ ਸੋਚ ਦਾ ਨਤੀਜਾ ਹੈ ਕਿ ਅੱਜ ਦੀਨਾਨਗਰ ਖੇਤਰ ਚ ਸਾਰੇ ਪਾਸੇ ਵਿਕਾਸ ਦੇ ਵੱਡੇ ਵੱਡੇ ਕੰਮ ਤੇਜੀ ਨਾਲ ਚੱਲ ਰਹੇ ਹਨ। ਉਹਨਾਂ ਕਿਹਾ ਕਿ ਇਹਨਾਂ ਵਿਕਾਸ ਕੰਮਾਂ ਦੀ ਬਦੌਲਤ ਹੀ 2022 ਦੀਆਂ ਚੋਣਾਂ ਵਿੱਚ ਦੀਨਾਨਗਰ ਹਲਕੇ ਤੋਂ ਮੈਡਮ ਅਰੁਨਾ ਚੌਧਰੀ ਵੱਡੀ ਲੀਡ ਨਾਲ ਜਿੱਤ ਪ੍ਰਾਪਤ ਕਰਨਗੇ।

# ਪੀ ਐੱਚ ਸੀ ਬਹਿਰਾਮਪੁਰ ਚ ਸਰਬਤ ਸਿਹਤ ਬੀਮਾ ਯੋਜਨਾ ਦੇ ਕਾਰਡ ਬਣਾਏ



**ਗੁਰਦਾਸਪੁਰ-ਨਵਨੀਤ ਕੁਮਾਰ/ਮੰਗੋਤਰਾ ਸਾਬ**

ਡਿਪਟੀ ਕਮਿਸ਼ਨਰ ਮੁਹੰਮਦ ਇਸ਼ਫਾਕ ਅਤੇ ਸਿਵਲ ਸਰਜਨ ਗੁਰਦਾਸਪੁਰ ਡਾ ਹਰਭਜਨ ਮਾਂਡੀ ਦੇ ਦਿਸ਼ਾ ਨਿਰਦੇਸ਼ਾ ਤਹਿਤ ਪੰਜਾਬ ਸਰਕਾਰ ਵੱਲੋਂ ਚਲਾਏ ਜਾ ਰਹੇ ਸਰਬਤ ਸਿਹਤ ਬੀਮਾ ਯੋਜਨਾ ਤਹਿਤ ਬਲਾਕ ਪੀ ਐੱਚ ਸੀ ਬਹਿਰਾਮਪੁਰ ਅਧੀਂਨ ਆਉਂਦੇ ਪਿੰਡਾਂ ਵਿੱਚ ਰੋਜ਼ਾਨਾ ਸਿਹਤ ਬੀਮਾ ਯੋਜਨਾ ਕਾਰਡ ਬਣਾਏ ਜਾ ਰਹੇ ਹਨ ।ਸਿਹਤ ਬੀਮਾ ਯੋਜਨਾ ਕਾਰਡ ਬਣਾਉਂਣ ਸਬੰਧੀ ਜਾਣਕਾਰੀ ਐੱਸ ਐੱਮ ਓ ਡਾ ਜੋਤਪਾਲ ਪੀ ਐੱਚ ਸੀ ਬਹਿਰਾਮਪੁਰ ਅਤੇ ਬੀ ਈ ਈ ਸੋਮ ਲਾਲ ਵੱਲੋਂ ਦਿੰਦੇ ਹੋਏ ਲੋਕਾਂ ਨੂੰ ਅਪੀਲ ਕੀਤੀ ਕਿ ਸਿਹਤ ਬੀਮਾ ਯੋਜਨਾ ਕਾਰਡ ਵੱਧ ਤੋਂ ਵੱਧ ਬਣਾਏ ਜਾਣ ਤਾਂ ਜੋ ਸਿਹਤ ਕੇਂਦਰਾਂ ਵਿੱਚ ਪੰਜ ਲੱਖ ਰੁਪਏ ਤੱਕ ਦਾ ਇਲਾਜ ਫ੍ਰੀ ਕਰਵਾਇਆ ਜਾ ਸਕੇ ।

# ਲੋਕ ਸੇਵਾ ਸੁਸਾਇਟੀ ਜਗਰਾਓਂ ਵੱਲੋਂ ਮਾਤਾ ਚਿੰਤਪੁਰਨੀ ਮੰਦਰ ਨੂੰ ਦੋ ਸੋਫ਼ਾ ਸੈਂਟੀ ਭੇਂਟ ਕੀਤੇ ਗਏ



**ਜਗਰਾਉਂ/ਅਰਜੁਨ ਸਹਿਜਪਾਲ**

ਲੋਕ ਸੇਵਾ ਸੁਸਾਇਟੀ ਜਗਰਾਓਂ ਵੱਲੋਂ ਅੱਜ ਚੇਅਰਮੈਨ ਗੁਲਸ਼ਨ ਅਰੋੜਾ, ਪ੍ਰਧਾਨ ਨੀਰਜ ਮਿੱਤਲ, ਸੈਕਟਰੀ ਕੁਲਭੂਸ਼ਣ ਗੁਪਤਾ ਅਤੇ ਕੈਸ਼ੀਅਰ ਕੰਵਲ ਕੱਕੜ ਦੀ ਅਗਵਾਈ ਹੇਠ ਸ੍ਰੀ ਮਾਤਾ ਚਿੰਤਪੁਰਨੀ ਮੰਦਰ ਨੂੰ ਦੋ ਸੋਫ਼ਾ ਸੈਂਟੀ ਭੇਂਟ ਕੀਤੇ। । ਇਸ ਮੌਕੇ ਉੱਘੇ ਸਮਾਜ ਸੇਵੀ ਰਾਜਿੰਦਰ ਜੈਨ ਅਤੇ ਚੇਅਰਮੈਨ ਗੁਲਸ਼ਨ ਅਰੋੜਾ ਨੇ ਕਿਹਾ ਕਿ ਸੁਸਾਇਟੀ ਵੱਲੋਂ ਜਿੱਥੇ ਲੋੜਵੰਦਾਂ ਦੀ ਮਦਦ ਲਈ ਸਮਾਜ ਸੇਵਾ ਦੇ ਪ੍ਰੋਜੈਕਟ ਲਗਾਏ ਜਾਂਦੇ ਹਨ ਉੱਥੇ ਧਾਰਮਿਕ ਅਸਥਾਨਾਂ ਵਿਚ ਸ਼ਰਧਾਲੂਆਂ ਦੀ ਸਹੂਲਤ ਲਈ ਸਮਾਨ ਵੀ ਦਿੱਤਾ ਜਾਂਦਾ ਹੈ। ਉਨ੍ਹਾਂ ਦੱਸਿਆ ਕਿ ਸੁਸਾਇਟੀ ਵੱਲੋਂ ਇਲਾਕੇ ਦੇ ਕਰੀਬ ਦਰਜਨ ਭਰ ਧਾਰਮਿਕ ਅਸਥਾਨਾਂ ਨੂੰ ਸੀਮਿੰਟ ਦੇ ਬੈਂਚ, ਕੁਰਸੀਆਂ, ਮੇਜ਼ ਅਤੇ ਸੋਫ਼ਾ ਸੈਂਟੀ ਸਮੇਤ ਫ਼ਰਨੀਚਰ ਦਾ ਸਮਾਨ ਹੁਣ ਤੱਕ ਦਿੱਤਾ ਜਾ ਚੁੱਕਾ ਹੈ ਅਤੇ ਅੱਜ ਸ੍ਰੀ ਮਾਤਾ ਚਿੰਤਪੁਰਨੀ ਮੰਦਰ ਨੂੰ 2 ਸੋਫ਼ਾ ਸੈਂਟੀ ਦਿੱਤੀ ਹੈ ਤਾਂ ਕਿ ਮੰਦਰ ਆਉਣ ਵਾਲੇ ਸ਼ਰਧਾਲੂ ਨੂੰ ਮੁਸ਼ਕਲ ਨਾ ਆਵੇ। ਇਸ ਮੌਕੇ ਸ੍ਰੀ ਚਿੰਤਪੁਰਨੀ ਮਾਤਾ ਮੰਦਰ ਦੀ ਪ੍ਰਬੰਧਕ ਮਾਤਾ ਕਿਰਨਾ ਦੇਵੀ, ਪੰਡਤ ਯਾਦਵਿੰਦਰ, ਗੌਰਵ ਖੰਨਾ, ਪੰਕਜ ਗੁਪਤਾ, ਦੀਪਕ ਮੋਂਗਲਾ ਨੇ ਸੁਸਾਇਟੀ ਮੈਂਬਰਾਂ ਦਾ ਮੰਦਰ ਨੂੰ ਸੋਫ਼ਾ ਸੈਂਟੀ ਦੇਣ ’ਤੇ ਧੰਨਵਾਦ ਕੀਤਾ। ਇਸ ਮੌਕੇ ਪ੍ਰਾਜੈਕਟ ਕੈਸ਼ੀਅਰ ਰਾਜੀਵ ਗੁਪਤਾ, ਪੀ ਆਰ ਓ ਮਨੋਜ ਗਰਗ, ਪ੍ਰਾਜੈਕਟ ਚੇਅਰਮੈਨ ਲਾਕੇਸ਼ ਟੰਡਨ, ਡਾ ਭਾਰਤ ਭੂਸ਼ਨ ਬਾਂਸਲ, ਪ੍ਰੇਮ ਬਾਂਸਲ, ਜਗਦੀਪ ਸਿੰਘ, ਵਿਨੋਦ ਬਾਂਸਲ, ਆਰ ਕੇ ਗੋਇਲ, ਮੁਕੇਸ਼ ਗੁਪਤਾ, ਸੁਖਜਿੰਦਰ ਸਿੰਘ ਢਿੱਲੋਂ, ਦਰਸ਼ਨ ਲਾਲ ਜੁਨੇਜਾ, ਮਨੋਹਰ ਸਿੰਘ ਟੱਕਰ, ਸੰਜੀਵ ਚੋਪੜਾ ਆਦਿ ਹਾਜ਼ਰ ਸਨ।

# ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਗੁਰਦਾਸਪੁਰ ਦੇ ਦਫ਼ਤਰ ਦੇ ਬਾਹਰ ਹੈਲਪ ਡੈਸਕ ਲਗਾਇਆ

**ਗੁਰਦਾਸਪੁਰ-ਨਵਨੀਤ ਕੁਮਾਰ**

ਪੰਜਾਬ ਕਾਨੂੰਨੀ ਸੇਵਾਵਾਂ ਅਥਾਰਟੀ ਦੇ ਕਾਰਜਕਾਰੀ ਚੇਅਰਮੈਨ ਮਾਨਯੋਗ ਮਿਸਟਰ ਜਸਟਿਸ ਅਜੇ ਤਿਵਾਰੀ, ਮਾਨਯੋਗ ਜੱਜ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਚੰਡੀਗੜ੍ਹ ਦੀਆਂ ਹਦਾਇਤਾਂ ਅਨੁਸਾਰ ਸ੍ਰੀਮਤੀ ਰਮੇਸ਼ ਕੁਮਾਰੀ ਮਾਨਯੋਗ ਜ਼ਿਲ੍ਹਾ ਅਤੇ ਸੈਸ਼ਨ ਜੱਜ ਕਮ- ਚੇਅਰਪਰਸਨ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਗੁਰਦਾਸਪੁਰ ਦੀ ਰਹਿਨੁਮਾਈ ਹੇਠ ਅਤੇ ਸ੍ਰੀਮਤੀ ਨਵਦੀਪ ਕੌਰ ਗਿੱਲ ਸਿਵਲ ਜੱਜ (ਸੀਨੀਰ ਡਵੀਜ਼ਨ)-ਕਮ-ਸੀ.ਜੇ.ਐਮ. ਸਹਿਤ ਸਕੱਤਰ ,ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ,ਗੁਰਦਾਸਪੁਰ ਦੀ ਰਹਿਨੁਮਾਈ ਹੇਠ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਦੇ ਦਫ਼ਤਰ ਦੇ ਬਾਹਰ ਹੈਲਪ ਡੈਸਕ ਲਗਾਇਆ ਗਿਆ ਅਤੇ ਇਸ ਹੈਲਪ ਡੈਸਕ ਰਾਹੀਂ ਸ੍ਰੀਮਤੀ ਨਵਦੀਪ ਕੌਰ ਗਿੱਲ ਸਿਵਲ ਜੱਜ (ਸੀਨੀਰ ਡਵੀਜ਼ਨ)-ਕਮ-ਸੀ.ਜੇ.ਐਮ. ਸਹਿਤ ਸਕੱਤਰ , ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ , ਗੁਰਦਾਸਪੁਰ ਨੇ ਲੋਕਾਂ ਨੂੰ ਇਸ ਹੈਲਪ ਡੈਸਕ ਸਥਾਪਿਤ ਕਰਨ ਦੇ ਮੰਤਵ ਬਾਰੇ ਜਾਣਕਾਰੀ ਦਿੰਦਿਆਂ ਹੋਇਆ ਦੱਸਿਆ ਕਿ ਇਸ ਹੈਲਪ ਡੈਸਕ ਦਾ ਮੰਤਵ ( ਵਿਵਹੁਤਾ ਝਗੜਿਆਂ) ਜਿਵੇਂ ਕਿ ਤਲਾਕ ਸਬੰਧੀ, ਦਾਜ ਸਬੰਧੀ ਕੇਸਾਂ ਨੂੰ ਨਿਪਟਾਉਣਾ ਹੈ ।ਉਹਨਾਂ ਦੱਸਿਆ ਕਿ ਵਿਵਾਹੁਤਾ ਝਗੜਿਆਂ ਨੂੰ ਕੋਰਟ ਵਿੱਚ ਲਗਾਉਣ ਤੋਂ ਪਹਿਲਾ ਹੀ ਇਸ ਹੈਲਪ ਡੈਸਕ ਰਾਹੀਂ ਪ੍ਰੀ-ਲੀਟੀਗੇਟਿਵ ਪ੍ਰਣਾਲੀ ਰਾਹੀਂ ਕੇਸ ਨੂੰ ਮੀਡੀਏਸ਼ਨ ਸੈਂਟਰ ਵਿੱਚ ਲਗਾ ਕੇ ਨਿਪਟਾਰਾ ਕੀਤਾ ਜਾ ਸਕਦਾ ਹੈ । ਇਹ ਝਗੜੇ ਆਪਸੀ ਸਹਿਮਤੀ ਨਾਲ ਹੀ ਨਿਪਟਾਏ ਜਾਂਦੇ ਹਨ ਇਸ ਨਾਲ ਸਮੇਂ ਅਤੇ ਧੰਨ ਦੀ ਬਚਤ ਹੁੰਦੀ ਹੈ ।

# ਸੰਯੁਕਤ ਕ੍ਰਾਂਤੀਕਾਰੀ ਕਿਸਾਨ ਯੂਨੀਅਨ ਦੀਆਂ ਕਿਸਾਨ ਬੀਬੀਆਂ ਅਤੇ ਕਿਸਾਨਾਂ ਵੱਲੋਂ ਲਗਭਗ 25 ਪਿੰਡਾਂ ਵਿੱਚ ਝੰਡਾ ਮਾਰਚ ਕੀਤਾ






**ਪਟਿਆਲਾ/ਜਗਦੀਸ ਰਾਈਕਾ**

ਸੰਯੁਕਤ ਮੋਰਚੇ ਵੱਲੋਂ ਯੂ.ਪੀ. ਮਿਸ਼ਨ ਦੇ ਤਹਿਤ 5 ਸਤੰਬਰ ਨੂੰ ਹੋਣ ਵਾਲੀ ਕਿਸਾਨ ਮਹਾਂ ਪੰਚਾਇਤ ਜੋ ਕਿ ਮੁਜੱਫਰ ਨਗਰ ਵਿਖੇ ਹੋਣ ਵਾਲੀ ਹੈ ਅੱਜ ਕ੍ਰਾਂਤੀਕਾਰੀ ਕਿਸਾਨ ਯੂਨੀਅਨ ਦੀਆਂ ਕਿਸਾਨ ਬੀਬੀਆਂ ਅਤੇ ਕਿਸਾਨਾਂ ਵੱਲੋਂ ਲਗਭਗ 25 ਪਿਡਾਂ ਵਿੱਚ ਝੰਡਾ ਮਾਰਚ ਕੀਤਾ ਗਿਆ। ਕਈ ਪਿੰਡਾਂ ਵਿੱਚ ਮੀਟਿੰਗਾਂ ਕੀਤੀਆਂ ਗਈਆਂ। ਅੱਜ ਦੀ ਆਖਰੀ ਮੀਟਿੰਗ ਪਿੰਡ ਕੌਰਜੀਵਾਲਾ ਵਿਖੇ ਗੁਰਦੁਆਰਾ ਅਕਾਲ ਸਰ ਸਾਹਿਬ ਵਿਖੇ ਕੀਤੀ ਗਈ ਜਿਸ ਵਿੱਚ ਬੀਬੀ ਰਜਿੰਦਰ ਕੌਰ, ਹਰਦੇਵ ਕੌਰ, ਹਰਜੀਤ ਕੌਰ ਦੌਣ ਕਲਾਂ, ਮਨਪ੍ਰੀਤ ਕੌਰ ਸਿਉਣਾ, ਜਸਵਿੰਦਰ ਕੌਰ ਬੜਾ ਗਾਉਂ ਸਿੱਧੂਵਾਲ ਪਿੰਡ ਇਕਾਈ ਦੀ ਪ੍ਰਧਾਨਗੀ ਸਨਦੀਪ ਕੌਰ ਜਿਲਾ ਜਨਰਲ ਸਕੱਤਰ ਗੁਰਮੀਤ ਸਿੰਘ ਦਿੱਤੂਪੁਰ, ਗੁਰਪਿਆਰ ਸਿੰਘ ਸਿਉਣਾ, ਅਵਤਾਰ ਸਿੰਘ, ਦੀਦਾਰ ਸਿੰਘ ਪਹਾੜਪੁਰ ਅਤੇ ਪਿੰਡ ਤੋਂ ਵੱਡੀ ਗਿਣਤੀ ਵਿੱਚ ਔਰਤਾਂ, ਨੌਜਵਾਨ ਸ਼ਾਮਲ ਹੋਏ। ਅਵਤਾਰ ਸਿੰਘ ਕੌਰਜੀਵਾਲਾ ਨੇ ਦੱਸਿਆ ਕਿ ਵੱਖਵੱਖ ਟੀਮਾਂ ਬਣਾ ਕੇ 5 ਤਰੀਕ ਦੀ ਮਹਾਂ ਪੰਚਾਇਤ ਲਈ ਤਿਆਰੀ ਮਹਿੰਮ ਵਿੱਢੀ ਗਈ ਹੈ ਅਤੇ ਕੱਲ ਨੂੰ ਕਲਿਆਣ ਟੂਲ ਪਲਾਜੇ ਤੇ 11 ਵਜੇ ਵੱਡਾ ਇਕੱਠ ਕਰਕੇ ਕਿਸਾਨਾਂ ਨੂੰ ਅਪੀਲ ਕੀਤੀ ਜਾਵੇਗੀ ਉਨ੍ਹਾਂ ਇਹ ਵੀ ਕਿਹਾ ਕਿ 5 ਸਤੰਬਰ ਦੀ ਮਹਾਂ ਰੈਲੀ ਇੱਕ ਇਤਿਹਾਸਕ ਹੋਵੇਗੀ ਜਿਸ ਵਿੱਚ ਪੰਜ ਲੱਖ ਦੇ ਕਰੀਬ ਦੇਸ਼ ਤੋਂ ਕਿਸਾਨ ਇਕੱਠੇ ਹੋਣਗੇ। ਸੰਯੁਕਤ ਮੋਰਚੇ ਵੱਲੋਂ ਇੱਥੇ ਮੋਦੀ ਅਤੇ ਜੋਗੀ ਦੀ ਬੀ.ਜੇ.ਪੀ. ਸਰਕਾਰ ਵਿਰੁੱਧ ਵੱਡੇ ਐਲਾਨ ਵੀ ਕੀਤੇ ਜਾਣਗੇ। ਉਹਨਾਂ ਕਿਹਾ ਕਿ ਦੇਸ਼ ਵਿੱਚ ਕੰਪਨੀ ਰਾਜ ਕਦੇ ਬਰਦਾਸ਼ ਨਹੀਂ ਕੀਤਾ ਜਾਵੇਗਾ।

## ਨਜਾਇਜ ਸਰਾਬ ਸਮੇਤ ਇੱਕ ਵਿਅਕਤੀ ਕੀਤਾ ਕਾਬੂ



**ਸਿੱਧਵਾਂ ਬੇਟ/ਅਰਜੁਨ ਸਹਿਜਪਾਲ**

ਸਮਾਜ ਨੂੰ ਨਸਾ ਮੁਕਤ ਕਰਨ ਅਤੇ ਸਮਾਜ ਵਿਰੋਧੀ ਅਨਸਰਾਂ ਨੂੰ ਕਾਬੂ ਕਰਨ ਲਈ ਆਈ.ਪੀ.ਐੱਸ. ਸੀਨੀਅਰ ਪੁਲਿਸ ਕਪਤਾਨ ਗੁਰਦਿਆਲ ਸਿੰਘ ਲੁਧਿਆਣਾ ਦਿਹਾਤੀ ਵੱਲੋਂ ਵਿੱਢੀ ਵਿਸੇਸ ਮੁਹਿੰਮ ਦੌਰਾਨ ਕੱਲ ਸਿੱਧਵਾਂ ਬੇਟ ਪੁਲਿਸ ਟੀਮ ਨੇ ਨਜਾਇਜ ਸਰਾਬ ਦਾ ਧੰਦਾ ਕਰਨ ਵਾਲੇ ਇੱਕ ਵਿਅਕਤੀ ਨੂੰ ਕਾਬੂ ਕੀਤਾ। ਇਸ ਮਾਮਲੇ ਬਾਰੇ ਜਾਣਕਾਰੀ ਦਿੰਦਿਆਂ ਏ.ਐਸ.ਆਈ. ਸੁਖਮੰਦਰ ਸਿੰਘ ਨੇ ਦੱਸਿਆ ਕਿ ਕੱਲ ਉਹ ਸਾਥੀ ਕਰਮਚਾਰੀਆਂ ਸਮੇਤ ਗਸਤ ਦੇ ਸਬੰਧ ਵਿੱਚ ਦਰਿਆ ਬੰਨ ਬਾ ਹੋਦ ਕੋਟ ਉਮਰਾ ਮੌਜੂਦ ਸਨ ਤਾਂ ਸਾਹਮਣੇ ਤੋਂ ਇੱਕ ਵਿਅਕਤੀ ਪੈਦਲ ਆਉਂਦਾ ਦਿਖਾਈ ਦਿੱਤਾ ਜਿਸਨੇ ਹੱਥ ਵਿੱਚ ਇੱਕ ਪਲਾਸਟਿਕ ਦੀ ਕੈਨੀ ਫੜੀ ਹੋਈ ਸੀ। ਉਹ ਵਿਅਕਤੀ ਪੁਲਿਸ ਪਾਰਟੀ ਨੂੰ ਦੇਖਕੇ ਘਬਰਾ ਕੇ ਇੱਕ ਦਮ ਪਾਸ ਹੀ ਬਣੀ ਮੋਟਰ ਨੂੰ ਮੁੜਨ ਲੱਗਾ ਤਾਂ ਪੁਲਿਸ ਨੇ ਸੱਕ ਦੇ ਤੌਰ ਤੇ ਉਸਨੂੰ ਕਾਬੂ ਕਰਕੇ ਪਲਾਸਟਿਕ ਦੀ ਕੈਨੀ ਚੈਕ ਕੀਤੀ ਤਾਂ ਉਸ ਵਿਚੋਂ ਨਜਾਇਜ ਸਰਾਬ ਬਰਾਮਦ ਹੋਈ। ਇਸਤੇ ਪੁਲਿਸ ਵੱਲੋਂ ਦੋਸੀ ਨੂੰ ਗ੍ਰਿਫਤਾਰ ਕਰ ਲਿਆ ਗਿਆ ਅਤੇ ਥਾਣਾ ਸਿੱਧਵਾਂ ਬੇਟ ਵਿਖੇ ਮੁਕੱਦਮਾ ਦਰਜ ਕੀਤਾ ਗਿਆ। ਇਸ ਮਾਮਲੇ ਦੇ ਤਫਤੀਸੀ ਅਫਸਰ ਏ.ਐਸ.ਆਈ. ਸੁਖਮੰਦਰ ਸਿੰਘ ਨੇ ਜਾਣਕਾਰੀ ਦਿੱਤੀ ਕਿ ਦੋਸੀ ਕੋਲੋਂ ਮੌਕੇ ਤੇ ਨਜਾਇਜ ਸਰਾਬ ਦੀਆਂ 15 ਬੋਤਲਾਂ ਬਰਾਮਦ ਕੀਤੀਆਂ ਗਈਆਂ ਹਨ। ਉਹਨਾਂ ਕਿਹਾ ਕਿ ਮਾਮਲੇ ਦੀ ਜਾਂਚ ਸੁਰੂ ਕਰ ਦਿੱਤੀ ਗਈ ਹੈ ਅਤੇ ਜਲਦੀ ਹੀ ਅਗਲੀ ਕਾਰਵਾਈ ਪੂਰੀ ਕਰਕੇ ਦੋਸੀ ਨੂੰ ਬਣਦੀ ਸਜਾ ਦਿੱਤੀ ਜਾਵੇਗੀ।

## ਨਿਊਜ਼ ਹੈਡਿੰਗ 1-ਐਨ ਐਸ ਕਿਊ ਐਫ ਵੋਕੇਸ਼ਨਲ ਅਧਿਆਪਕਾਂ ਨੇ ਕੱਢਿਆ ਕੈਂਡਲ ਮਾਰਚ



**ਪਟਿਆਲਾ/ਜਗਦੀਸ ਰਾਈਕਾ**

ਐਨ ਐਸ ਕਿਊ ਐਫ ਵੋਕੇਸ਼ਨਲ ਅਧਿਆਪਕਾਂ ਨੇ ਆਪਣੀਆਂ ਮੰਗਾਂ ਨੂੰ ਲੈ ਕੇ ਮੁੱਖ ਮੰਤਰੀ ਦੇ ਸ਼ਹਿਰ ਪਟਿਆਲਾ ਵਿਖੇ ਰਾਤ ਨੂੰ ਧਰਨਾ ਸਥਾਨ ਤੋਂ ਖੰਡਾ ਚੌਂਕ ਤੱਕ ਕੈਂਡਲ ਮਾਰਚ ਕੱਢਿਆ। ਯੂਨੀਅਨ ਪੰਜਾਬ ਪ੍ਰਧਾਨ ਰਾਇ ਸਾਹਿਬ ਸਿੰਘ ਸਿੱਧੂ ਵਲੋਂ ਪ੍ਰੈਸ ਬਿਆਨ ਜਾਰੀ ਕਰਕੇ ਜਾਣਕਾਰੀ ਦਿੱਤੀ ਕਿ ਪਿਛਲੇ ਸੱਤ ਸਾਲਾਂ ਤੋਂ ਅਸੀਂ ਸਰਕਾਰੀ ਸਕੂਲਾਂ ਵਿੱਚ ਤਨਦੇਹੀ ਨਾਲ ਕੰਮ ਕਰਦੇ ਆ ਰਹੇ ਹਾਂ ਪਰ ਸਾਨੂੰ ਕੋਈ ਵੀ ਮੁੱਢਲੀ ਸਹੂਲਤ ਅੱਜ ਤੱਕ ਨਹੀਂ ਦਿੱਤੀ ਗਈ ਇਸ ਸੰਤਾਪ ਤੋਂ ਅੱਕ ਕੇ ਐਨ ਐਸ ਕਿਊ ਐਫ ਅਧਿਆਪਕਾਂ ਨੇ ਪਿਛਲੇ 86 ਦਿਨਾਂ ਤੋਂ ਦੁੱਖ ਨਿਵਾਰਨ ਸਾਹਿਬ ਚੌਂਕ ਪਟਿਆਲਾ ਵਿਖੇ ਪੱਕਾ ਧਰਨਾ ਲਾਕੇ, ਆਪਣੀਆ ਮੰਗਾਂ ਪੂਰੀਆਂ ਹੋਣ ਦੀ ਉਡੀਕ ਕਰ ਰਹੇ ਹਨ ਅਤੇ ਹਰ ਤਰ੍ਹਾਂ ਦੇ ਮੌਸਮ ਦਾ ਸਾਹਮਣਾ ਕਰਦੇ ਆ ਰਹੇ ਹਨ ਪਰ ਅੱਜ ਤੱਕ ਸਰਕਾਰ ਵਲੋਂ ਸਾਡੀ ਕੋਈ ਵੀ ਮੰਗ ਪੂਰੀ ਨਹੀਂ ਕੀਤੀ ਗਈ।

ਯੂਨੀਅਨ ਪ੍ਰਧਾਨ ਦਾ ਕਹਿਣਾ ਹੈ ਕਿ ਹਰ ਵਾਰ ਮੀਟਿੰਗ ਵਿੱਚ ਸਾਡੇ ਤੋਂ ਸਮਾਂ ਮੰਗ ਲਿਆ ਜਾਂਦਾ ਹੈ, ਪਰ ਹਾਲੇ ਤੱਕ ਐਨ ਐਸ ਕਿਊ ਐਫ ਵੋਕੇਸ਼ਨਲ ਅਧਿਆਪਕਾਂ ਵਿੱਚ ਬਹੁਤ ਜ਼ਿਆਦਾ ਰੋਸ ਵਧ ਗਿਆ ਹੈ। ਸੂਬਾ ਪ੍ਰਧਾਨ ਰਾਇ ਸਾਹਿਬ ਸਿੰਘ ਸਿੱਧੂ ਵਲੋਂ ਕੱਲ ਦੀ 3 ਤਾਰੀਖ ਦੀ ਪੈਨਲ ਮੀਟਿੰਗ ਦਾ ਹਵਾਲਾ ਦਿੰਦੇ ਹੋਏ ਅਲਟੀਮੇਟਮ ਦਿੱਤਾ ਗਿਆ ਕਿ ਜੇਕਰ ਸਾਡੀਆਂ ਮੰਗਾਂ ਨਹੀਂ ਮੰਨੀਆਂ ਜਾਂਦੀਆਂ ਤਾਂ ਐਨ ਐਸ ਕਿਊ ਐਫ ਵੋਕੇਸ਼ਨਲ ਅਧਿਆਪਕਾਂ ਵਲੋਂ 5 ਸਤੰਬਰ ਨੂੰ ਪਟਿਆਲਾ ਵਿਖੇ ਗੁਪਤ ਐਕਸ਼ਨ ਕੀਤਾ ਜਾਵੇਗਾ।

## ਬੁੱਢਾ ਦਲ ਵੱਲੋਂ ਬਾਬਾ ਸੁੱਖਾ ਸਿੰਘ ਮਹਿਤਾਬ ਸਿੰਘ ਦੀ ਯਾਦ ਵਿੱਚ ਹਨੂੰਮਾਨਗੜ੍ਹ ਵਿਖੇ ਹੋਣਗੇ ਗੁਰਮਤਿ ਸਮਾਗਮ : ਸਕੱਤਰ ਬੁੱਢਾ ਦਲ

### ■ ਬਾਬਾ ਬਲਬੀਰ ਸਿੰਘ ਦੀ ਅਗਵਾਈ 'ਚ ਚੜ੍ਹੇਗਾ ਮਹੱਲਾ



**ਤਲਵੰਡੀ ਸਾਬੋ/ਗੁਰਜੰਟ ਸਿੰਘ ਨਥੇਹਾ**

ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ 14ਵੇਂ ਮੁਖੀ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96ਵੇਂ ਕਰੋੜੀ ਵੱਲੋਂ 18 ਸਦੀ ਤੋਂ ਸਥਾਪਤ ਇਤਿਹਾਸਕ ਅਸਥਾਨ ਗੁਰਦੁਆਰਾ ਸ਼ਹੀਦ ਬਾਬਾ ਸੁੱਖਾ ਸਿੰਘ ਜੀ, ਬਾਬਾ ਮਹਿਤਾਬ ਸਿੰਘ ਨਿਹੰਗ ਸਿੰਘਾਂ ਜੀ ਦਾ ਸਲਾਨਾ ਜੋੜਮੇਲਾ ਛਾਉਣੀ ਬੁੱਢਾ ਦਲ ਹਨੂੰਮਾਨਗੜ੍ਹ ਟਾਊਨ ਰਾਜਿਸਥਾਨ ਵਿਖੇ 7 ਤੋਂ 9 ਸਤੰਬਰ ਤੀਕ ਪੂਰਨ ਸ਼ਰਧਾ ਭਾਵਨਾ ਨਾਲ ਮਨਾਇਆ ਜਾਵੇਗਾ।

ਬੁੱਢਾ ਦਲ ਦੇ ਸਕੱਤਰ ਸ. ਦਿਲਜੀਤ ਸਿੰਘ ਬੇਦੀ ਨੇ ਤਲਵੰਡੀ ਸਾਬੋ ਵਿਖੇ ਪ੍ਰੈੱਸ ਬਿਆਨ ਜਾਰੀ ਕਰਦਿਆਂ ਦੱਸਿਆ ਕਿ ਕੌਮ ਦੇ ਮਹਾਨ ਯੋਧੇ ਬਾਬਾ ਸੁੱਖਾ ਸਿੰਘ ਬਾਬਾ ਮਹਿਤਾਬ ਸਿੰਘ ਨਿਹੰਗ ਸਿੰਘ ਛਾਉਣੀ ਬੁੱਢਾ ਦਲ ਨਿਹੰਗ ਸਿੰਘਾਂ, ਹਨੂੰਮਾਨਗੜ੍ਹ ਟਾਊਨ ਰਾਜਸਥਾਨ ਵਿਖੇ 7 ਸਤੰਬਰ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਖੰਡ ਪਾਠ ਸਾਹਿਬ ਆਰੰਭ ਹੋਣਗੇ ਅਤੇ 9 ਸਤੰਬਰ 2021 ਨੂੰ ਭੋਗ ਪੈਣਗੇ। ਉਨ੍ਹਾਂ ਕਿਹਾ ਕੌਮਾਂ ਨੂੰ ਵਿਰਾਸਤ ਵਿਰਸੇ 'ਚ ਮਿਲਦੀ ਹੈ।ਇਸ ਵਿੱਚ ਕੁਰਬਾਨੀਆਂ, ਜ਼ੁਲਮ ਤੇ ਜਬਰ ਸਹਿਣ ਦੀਆਂ ਯਾਦਾਂ, ਜਿੱਤਾਂ, ਸਵੈਮਾਣ ਦੇ ਪਲ, ਲਿਖਤਾਂ, ਮੂੰਹ ਜਬਾਨੀ ਦੱਸੀਆਂ ਬਾਤਾਂ, ਲੋਕ ਸਾਹਿਤ, ਇਮਾਰਤਾਂ, ਮੌਜੂਦ ਹੁੰਦੇ ਹਨ। ਗੌਰਵਮਈ ਕੌਮਾਂ ਹੀ ਆਪਣੇ ਵਿਰਸੇ ਨੂੰ ਸੰਭਾਲਦੀਆਂ ਅਤੇ ਆਪਣੇ ਨਾਇਕਾਂ/ਜਰਨੈਲਾਂ ਨੂੰ ਯਾਦ ਕਰਦੀਆਂ ਹਨ। ਉਨ੍ਹਾਂ ਕਿਹਾ ਕਿ ਕਈ ਸਥਾਨ ਕੁਝ ਖਾਸ ਮਹੱਤਵਪੂਰਨ ਘਟਨਾਵਾਂ ਕਾਰਨ ਇਤਿਹਾਸਕ ਬਣ ਜਾਂਦੇ ਹਨ। ਉਨ੍ਹਾਂ ਇਤਿਹਾਸ ਦੇ ਹਵਾਲੇ ਦੇਂਦਿਆਂ ਕਿਹਾ ਯਕਰੀਆਂ ਖਾਨ ਜੋ ਕਿ ਲਾਹੌਰ ਦਾ ਗਵਰਨਰ ਸੀ ਨੇ ਮੱਸੇ ਰੰਘੜ ਨੂੰ ਅੰਮ੍ਰਿਤਸਰ ਦਾ ਮੁਖੀ ਨਿਯੁਕਤ ਕਰ ਦਿੱਤਾ ਤੇ ਉਸ ਨੇ ਹਰਿਮੰਦਰ ਸਾਹਿਬ ਨੂੰ ਅਯਾਸ਼ੀ ਦਾ ਅੱਡਾ ਬਣਾ ਦਿੱਤਾ ਸੀ। ਜਦੋਂ ਇਸ ਬਾਰੇ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਮੁੱਖੀ ਸਿੰਘ ਸਾਹਿਬ ਬਾਬਾ ਜੱਸਾ ਸਿੰਘ ਆਹਲੂਵਾਲੀਆ ਜਥੇਦਾਰ ਸ਼੍ਰੀ ਅਕਾਲ ਤਖ਼ਤ ਸਾਹਿਬ ਨੂੰ ਪਤਾ ਲੱਗਾ ਤਾਂ ਉਨ੍ਹਾਂ ਨਿਹੰਗ ਸਿੰਘ ਬਾਬਾ ਸੁੱਖਾ ਸਿੰਘ ਬਾਬਾ ਮਹਿਤਾਬ ਸਿੰਘ ਨੂੰ ਮੱਸੇ ਰੱਘੜ ਨੂੰ ਸੋਧਣ ਵਾਸਤੇ ਅੰਮ੍ਰਿਤਸਰ ਸਾਹਿਬ ਭੇਜਿਆ। ਇਹ ਦੋਹਾਂ ਨਿਹੰਗ ਸਿੰਘਾਂ ਨੇ ਮੱਸੇ ਰੰਘੜ ਦਾ ਸਿਰ ਵੱਢ ਕੇ ਨੇਜੇ ਉੱਪਰ ਟੰਗ ਕੇ ਬੁੱਢਾ ਜੋਹੜ ਨੂੰ ਵਾਪਸੀ ਸਮੇਂ ਇਸ ਅਸਥਾਨ ਹਨੂੰਮਾਨਗੜ੍ਹ ਟਾਊਨ ਵਿਖੇ ਪੜਾਉ ਕੀਤਾ ਸੀ। ਇਸ ਇਤਿਹਾਸਕ ਪੜਾਓ ਅਸਥਾਨ ਤੇ ਹਰ ਸਾਲ ਦੀ ਤਰਾਂ ਇਸ ਵਾਰ ਵੀ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਵੱਲੋਂ ਸ਼੍ਰੋਮਣੀ ਸੇਵਾ ਰਤਨ, ਸ਼੍ਰੋਮਣੀ ਪੰਥ ਰਤਨ ਸਿੰਘ ਸਾਹਿਬ ਬਾਬਾ ਬਲਬੀਰ ਸਿੰਘ ਅਕਾਲੀ 96ਵੇਂ ਕਰੋੜੀ ਦੀ ਅਗਵਾਈ ਵਿੱਚ ਧਾਰਮਿਕ ਦੀਵਾਨ ਸਜਾਏ ਜਾਣਗੇ, ਜਿਸ ਵਿੱਚ ਗੁਰ ਇਤਿਹਾਸ, ਪੁਰਾਤਨ ਸਿੰਘਾਂ ਦੀਆਂ ਕੁਰਬਾਨੀਆਂ, ਸਿੱਖ ਰਹਿਤ ਮਰਯਾਦਾ ਨੂੰ ਸੁਰਜੀਤ ਰੱਖਣ ਲਈ ਵਿਚਾਰਾਂ ਤੋਂ ਇਲਾਵਾ ਸਿੰਘ ਸਾਹਿਬ ਪੰਥ ਦੀ ਚੜ੍ਹਦੀਕਲਾ ਤੇ ਆਲਮਾਨਾਂ ਵਿਚਾਰਾਂ ਰਾਹੀਂ ਨਵੀਂ ਸੇਧ ਦੇਣ ਲਈ ਪ੍ਰੋਗਰਾਮ ਉਲੀਕਣਗੇ। ਉਪਰੰਤ ਨੀਲਾਂਬਰੀ ਨਿਸ਼ਾਨ ਸਾਹਿਬਾਨ ਦੀ ਤਾਬਿਆ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਜੀ ਅਕਾਲੀ 96ਵੇਂ ਕਰੋੜੀ ਦੀ ਸੁਹਿਰਦ ਅਗਵਾਈ ਹੇਠ ਮਹੱਲਾ ਨਿਕਲੇਗਾ। ਇਨਾਂ ਧਾਰਮਿਕ ਦੀਵਾਨਾਂ ਵਿੱਚ ਤਖ਼ਤਾਂ ਦੇ ਸਿੰਘ ਸਾਹਿਬਾਨ, ਸਮੂਹ ਗੁਰੂ ਨਾਨਕ ਨਾਮ ਲੇਵਾ ਸੰਗਤਾਂ, ਸੰਤਾਂ-ਮਹਾਂਪੁਰਸ਼, ਗੁਰੂ ਕੀਆਂ ਲਾਡਲੀਆਂ ਨਿਹੰਗ ਸਿੰਘ ਫੌਜਾਂ, ਸਮਾਜਿਕ ਪ੍ਰਮੁੱਖ ਸਖਸ਼ੀਅਤਾਂ ਅਤੇ ਹਨੂੰਮਾਨਗੜ੍ਹ ਦੀਆਂ ਸੰਗਤਾਂ ਹੁੰਮਹਮਾ ਕੇ ਹਾਜ਼ਰੀ ਭਰਨਗੀਆਂ। ਉਨ੍ਹਾਂ ਕਿਹਾ ਕਿ ਨਿਹੰਗ ਸਿੰਘਾਂ ਦੇ ਲਾਇਸੰਸ ਪੁਰਾਣੇ ਰੀਨਿਊ ਕੀਤੇ ਜਾਣਗੇ। ਅੰਮ੍ਰਿਤ ਸੰਚਾਰ ਸਮਾਗਮ ਹੋਵੇਗਾ। ਗੁਰੂ ਕਾ ਲੰਗਰ ਅਤੁੱਟ ਚੱਲਣਗੇ।

# ਜਿਸ ਦਾ ਕੋਈ ਨਹੀਂ ਹੁੰਦਾ, ਉਸ ਦੀ ਉਮੀਦ ਪੁਲਿਸ ਹੀ ਹੁੰਦੀ ਹੈ





ਪੰਜਾਬ ਪੁਲਿਸ ਵਿੱਚ ਇਮਾਨਦਾਰ ਅਫਸਰਾਂ ਤੇ ਜਵਾਨਾਂ ਦੀ ਕੋਈ ਕਮੀ ਨਹੀਂ ਅਤੇ ਇਮਾਨਦਾਰ ਪੁਲਿਸ ਵਾਲੇ ਆਪਣੀ ਇਮਾਨਦਾਰੀ ਵਿਖਾਉਂਦੇ ਹੋਏ ਕਈ ਵਾਰ ਕੁਰਸੀ ਵੀ ਛੱਡ ਜਾਂਦੇ ਹਨ। ਵੇਖਿਆ ਜਾਵੇ ਤਾਂ ਭਾਵੇਂ ਹੀ ਅੱਜ ਕੱਲ੍ਹ ਦੇ ਦੌਰ ਵਿੱਚ ਜਮਾਨਾ ਪੈਸੇ ਵਾਲਿਆਂ ਦਾ ਹੈ,ਪਰ ਫਿਰ ਵੀ ਜਿਆਦਾਤਰ ਪੁਲਿਸ ਅਧਿਕਾਰੀ ਪੈਸੇ ਤੋਂ ਬਿਨ੍ਹਾਂ ਬਹੁਤ ਹੀ ਪਿਆਰ ਅਤੇ ਸਤਿਕਾਰ ਨਾਲ ਲੋਕਾਂ ਦੇ ਕੰਮ ਕਰਦੇ ਹਨ। ਦਰਅਸਲ ਇਸ ਵੇਲੇ ਪੁਰੇ ਭਾਰਤ ਸਮੇਤ ਪੰਜਾਬ ਦੇ ਅੰਦਰ ਕਰੋਨਾ ਮਹਾਂਮਾਰੀ ਦਾ ਕਾਫ਼ੀ ਰੌਲਾ ਪਿਆ ਹੋਇਆ ਹੈ ਅਤੇ ਕਰੋਨਾ ਦੇ ਮਾਮਲੇ ਨੂੰ ਲੈ ਕੇ ਸਰਕਾਰ ਵੀ ਪੁਰੀ ਤਰ੍ਹਾਂ ਸਖ਼ਤ ਵਿਖਾਈ ਦੇ ਰਹੀ ਹੈ।ਇਸ ਔਖੀ ਘੜੀ ਵਿੱਚ ਸਰਕਾਰ ਅਤੇ ਪੰਜਾਬ ਪੁਲਿਸ ਥੋੜ੍ਹੀ ਜੀ ਸਖਤੀ ਕਰਕੇ ਲੋਕਾਂ ਦੀਆਂ ਜਾਨਾਂ ਵੀ ਬਚਾਅ ਰਹੀ ਅਤੇ ਭੁੱਖੇ ਤੇ ਗਰੀਬਾਂ ਨੂੰ ਖਾਣਾ ਅਤੇ ਰਾਂਸ਼ਨ ਵੀ ਮੁਹੱਈਆ ਕਰਵਾ ਰਹੀ ਹੈ।ਇਸ ਲਈ ਪੰਜਾਬ ਪੁਲਿਸ ਵਿਭਾਗ ਦੀ ਕਾਰਗੁਜ਼ਾਰੀ ਬਾਰੇ ਬਹੁਤੇ ਲੋਕਾਂ ਦੇ ਮਨਾ ਵਿੱਚ ਕਿੰਤੂ ਪ੍ਰੰਤੂ ਹੁੰਦੀ ਹੈ।ਪ੍ਰੰਤੂ ਸਾਰਿਆਂ ਨੂੰ ਇਕੋ ਰੱਸੇ ਨਾਲ ਨਹੀਂ ਬੰਨਿਆਂ ਜਾ ਸਕਦਾ।ਕਿਉਂਕਿ ਕਿਸੇ ਵੀ ਵਿਭਾਗ ਵਿੱਚ ਸਾਰੇ ਅਧਿਕਾਰੀ ਜਾਂ ਕਰਮਚਾਰੀ ਇਕੋ ਜਿਹੇ ਨਹੀਂ ਹੁੰਦੇ। ਹਰ ਵਿਅਕਤੀ ਦਾ ਸੁਭਾਅ, ਸੋਚ ਅਤੇ ਕੰਮ ਕਰਨ ਦਾ ਤਰੀਕਾ ਵੱਖੋ ਵੱਖਰਾ ਹੁੰਦਾ ਹੈ।ਪੰਜਾਬ ਪੁਲਿਸ ਦੀ ਨੌਕਰੀ ਬਹੁਤ ਹੀ ਜ਼ੋਖਮ ਭਰੀ ਕੰਡਿਆਂ ਦੀ ਸੇਜ ਵਰਗੀ ਹੁੰਦੀ ਹੈ। ਕੋਈ ਪਤਾ ਨਹੀਂ ਹੁੰਦਾ ਕਿਸ ਵੇਲੇ ਕਿਥੇ ਜਾਣਾ ਪਵੇ। ਕਈ ਵਾਰੀ ਸੱਪ ਦੀ ਖੁੱਡ ਵਿੱਚ ਹੱਥ ਪਾਉਣਾ ਵੀ ਪੈ ਜਾਂਦਾ ਹੈ। ਇਸ ਲਈ ਉਨ੍ਹਾਂ ਉਪਰ ਸਰੀਰਕ ਅਤੇ ਮਾਨਸਿਕ ਦਬਾਓ ਰਹਿੰਦਾ ਹੈ। ਆਮ ਤੌਰ ਤੇ ਕਈ ਵਾਰ ਲੋਕ ਪੁਲਿਸ ਦੀ ਕਹੀ ਸੱਚੀ ਗੱਲ ਵੀ ਮੰਨਣ ਨੂੰ ਤਿਆਰ ਨਹੀਂ ਹੁੰਦੇ।ਲੋਕ ਪੁਲਿਸ ਵਿਭਾਗ ਦੀ ਹਰ ਕਾਰਵਾਈ ਨੂੰ ਸ਼ੱਕ ਦੀ ਨਿਗਾਹ ਨਾਲ ਵੇਖਦੇ ਹਨ।ਕਿਉਂਕਿ ਪੁਲਿਸ ਵਿਭਾਗ ਵਿੱਚ ਕੁੱਝ ਕਾਲੀਆਂ ਭੇਡਾਂ ਨੇ ਆਪਣੀਆਂ ਗ਼ਲਤ ਹਰਕਤਾਂ ਨਾਲ ਸਾਰੇ ਪੁਲਿਸ ਵਿਭਾਗ ਨੂੰ ਬਦਨਾਮ ਕਰ ਦਿੱਤਾ ਹੈ। ਵੈਸੇ ਅਜਿਹੀਆਂ ਕਾਲੀਆਂ ਭੇਡਾਂ ਹਰ ਵਿਭਾਗ ਵਿੱਚ ਹੁੰਦੀਆਂ ਹਨ। ਮੈਂ ਬਹੁਤ ਸਾਰੇ ਪੁਲਿਸ ਵਿਭਾਗ ਦੇ ਅਧਿਕਾਰੀ ਅਤੇ ਕਰਮਚਾਰੀ ਅਜਿਹੇ ਵੇਖੇ ਹਨ, ਜਿਹੜੇ ਹਮੇਸ਼ਾ ਸੱਚਾਈ ਦੇ ਪਹਿਰੇਦਾਰ ਬਣਕੇ ਆਪਣੇ ਫਰਜ਼ ਇਮਾਨਦਾਰੀ ਨਾਲ ਨਿਭਾਉਂਦੇ ਰਹੇ ਹਨ।ਪੁਲਿਸ ਵਿਭਾਗ ਦੀ ਨੌਕਰੀ ਤਲਵਾਰ ਦੀ ਧਾਰ ਤੇ ਤੁਰਦਿਆਂ ਸੱਚਾਈ ਦਾ ਪੱਲਾ ਫੜਕੇ ਨਿਭਾਉਣ ਵਾਲੇ ਯੋਧਿਆਂ ਨੂੰ ਅਸੀਂ ਅਣਗੋਲਿਆਂ ਨਹੀਂ ਕਰ ਸਕਦੇ।ਕਰੋਨਾ ਮਹਾਂਮਾਰੀ ਦੀ ਇਸ ਦੂਜੀ ਲਹਿਰ ਵਿੱਚ ਪੰਜਾਬ ਪੁਲਿਸ ਲੋਕਾਂ ਨੂੰ ਬਚਾਉਣ ਲਈ ਕਰੋਨਾ ਅਤੇ ਜਨਤਾ ਵਿਚਕਾਰ ਇੱਕ ਦੀਵਾਰ ਬਣਕੇ ਖੜੀ ਹੈ।ਪੰਜਾਬ ਪੁਲਿਸ ਆਪਣੀ ਜਾਨ ਦੀ ਪਰਵਾਹ ਕੀਤੇ ਬਿਨਾਂ ਦਿਨ ਰਾਤ ਡਿਊਟੀ ਕਰਕੇ ਲੋਕਾਂ ਨੂੰ ਇਸ ਮੁਸ਼ਕਿਲ ਦੀ ਘੜੀ ਵਿੱਚੋਂ ਕੱਢਣ ਲਈ ਹਰ ਵੇਲੇ ਤਿਆਰ ਬਰ ਤਿਆਰ ਰਹਿਕੇ ਕੰਮ ਕਰ ਰਹੀ ਹੈ।ਪਰ ਕੁੱਝ ਲੋਕ ਬੇਪਰਵਾਹ ਹੋਕੇ ਬਿਨਾਂ ਕੰਮ ਤੋਂ ਬਾਹਰ ਘੁੰਮਦੇ ਫਿਰਦੇ ਆਪਣੀ ਮੌਤ ਨੂੰ ਸੱਦਾ ਦਿੰਦੇ ਹੋਏ ਆਪਣੇ ਪਰਿਵਾਰਾਂ ਨੂੰ ਵੀ ਖਤਰੇ ਵਿੱਚ ਪਾ ਦਿੰਦੇ ਹਨ।ਦੂਜੇ ਪਾਸੇ ਪੰਜਾਬ ਪੁਲਿਸ ਆਪਣੇ ਪਰਿਵਾਰਾਂ ਅਤੇ ਬੱਚਿਆਂ ਤੋਂ ਦੂਰ ਰਹਿਕੇ ਲੋਕਾਂ ਦੀ ਹਰ ਸੰਭਵ ਮੱਦਦ ਕਰਨ ਵਿੱਚ ਜੁਟੀ ਰਹਿੰਦੀ ਹੈ।ਅੱਜ ਦੇ ਇਸ ਕਰੋਨਾ ਕਾਲ ਦੌਰਾਨ ਸਭ ਤੋਂ ਵੱਧ ਭਾਰ ਪੰਜਾਬ ਪੁਲਿਸ ਦੇ ਮੋਢਿਆਂ ਉਪਰ ਹੈ।ਕਿਉਂਕਿ ਲਾਅ ਐਂਡ ਆਡਰ ਦੀ ਸਥਿਤੀ ਨੂੰ ਕੰਟਰੋਲ ਕਰਨ ਦੇ ਨਾਲ-ਨਾਲ ਪੰਜਾਬ ਪੁਲਿਸ ਵੱਲੋਂ ਲੋਕਾਂ ਦੇ ਕਰੋਨਾ ਟੈਸਟ ਕਰਵਾਉਣੇ,ਨਾਕੇ ਲਗਾ ਕੇ ਸਮਾਜ ਵਿਰੋਧੀਆਂ ਅਨਸਰਾਂ ਨੂੰ ਫੜਨਾ, ਉਥੇ ਹੀ ਲਾਹਪਰਵਾਹੀ ਕਰਨ ਵਾਲਿਆਂ ਦੇ ਚਲਾਨ ਕੱਟਣੇ ਅਤੇ ਵੈਕਸੀਨ ਲਗਵਾਉਣ ਲਈ ਲੋਕਾਂ ਨੂੰ ਪਿਆਰ ਨਾਲ ਸਮਝਾ ਕੇ ਟੀਕਾਕਰਨ ਸੈਂਟਰਾਂ ਤੇ ਲਿਆਉਣ ਆਦਿ ਦੀ ਵੱਡੀ ਜਿੰਮੇਵਾਰੀ ਨਿਭਾ ਰਹੇ ਹਨ।ਲੋਕਾਂ ਨੂੰ ਬੇਨਤੀ ਹੈ ਕਿ ਇਸ ਕਰੋਨਾ ਮਹਾਂਮਾਰੀ ਨੂੰ ਅਣਗੋਲਿਆਂ ਕਰਕੇ ਆਪਣੇ ਪਰਿਵਾਰ ਅਤੇ ਸਮਾਜ ਦੇ ਦੁਸਮਣ ਨਾ ਬਣੋ।ਤੁਹਾਡੀ 24 ਘੰਟੇ ਸੁਰੱਖਿਆ ਕਰਨੀ ਵਾਲੀ ਪੰਜਾਬ ਪੁਲਿਸ ਦਾ ਸਾਥ ਦਿਓ ਤਾਂ ਜੋ ਜਾਨ ਤਲੀ ਤੇ ਧਰਕੇ ਡਿਊਟੀ ਕਰ ਰਹੀ ਪੰਜਾਬ ਪੁਲਿਸ ਦਾ ਹੌਂਸਲਾ ਵਧੇ।ਮਾਨਵਤਾ ਨੂੰ ਬਚਾਉਣ ਵਿੱਚ 99 ਪ੍ਰਤੀਸ਼ਿਤ ਯੋਗਦਾਨ ਪਾਉਣ ਵਾਲੇ ਪੰਜਾਬ ਪੁਲਿਸ ਦੇ ਅਫਸਰਾਂ ਤੇ ਜਵਾਨਾਂ ਦਾ ਸਤਿਕਾਰ ਕਰੋ,ਦਿਲਾਂ ਚੋਂ ਮਾੜੀ ਸੋਚ ਕੱਢਕੇ ਇਨ੍ਹਾਂ ਨੂੰ ਆਪਣੇ ਵਾਂਗੂ ਪਿਆਰ ਕਰੋ ਇਸ ਲਈ ਕਿਹਾ ਜਾਂਦਾ ਹੈ ਕਿ ਜਿਸ ਦਾ ਕੋਈ ਨਹੀਂ ਹੁੰਦਾ ਉਸ ਦੀ ਪੁਲਿਸ ਹੁੰਦੀ ਹੈ।

**ਲੇਖਕ-ਪੱਤਰਕਾਰ**
**ਗੁਰਵਿੰਦਰ ਗੰਢੂਆਂ**
**ਸੂਬਾ ਪ੍ਰਧਾਨ ਇੰਡੀਅਨ ਰਿਪੋਰਟਰ ਐਸੋਸੀਏਸ਼ਨ ਪੰਜਾਬ**
**ਮੋਬਾਈਲ ਨੂੰ - 9463935000**

## ਗੁਰਸੇਵਕ ਸਿੰਘ ਔਲਖ ਵੱਲੋਂ ਸ਼ਾਂਤਮਈ ਪ੍ਰਦਰਸਨ ਕਰ ਰਹੇ ਕਿਸਾਨਾਂ ਉਪਰ ਕੈਪਟਨ ਸਰਕਾਰ ਵੱਲੋਂ ਕੀਤੇ ਲਾਠੀਚਾਰਜ ਦੀ ਸਖ਼ਤ ਨਿੰਦਾ ਕੀਤੀ



**ਤਰਨਤਾਰਨ/ਦਿਲਬਾਗ ਸਿੰਘ ਜੌਹਲ**

ਮੋਗਾ ਸਹਿਰ ਵਿਚ ਅਕਾਲੀ ਦਲ ਬਾਦਲ ਵੱਲੋਂ ਜੋ ਇੱਕ ਰੈਲੀ ਕੀਤੀ ਜਾ ਰਹੀ ਸੀ ਉਸ ਦਾ ਸੰਯੁਕਤ ਕਿਸਾਨ ਮੋਰਚੇ ਵੱਲੋਂ ਬਾਈਕਾਟ ਕੀਤਾ ਗਿਆ ਸੀ ਜਿਸ ਦੇ ਸਬੰਧ ਵਿਚ ਕਿਸਾਨ ਸੰਗਠਨਾਂ ਨੇ ਵਿਰੋਧ ਕੀਤਾ ਅਤੇ ਸ਼ਾਂਤਮਈ ਪ੍ਰਦਰਸਨ ਕਰ ਰਹੇ ਕਿਸਾਨਾਂ ਉਪਰ ਕੈਪਟਨ ਸਰਕਾਰ ਵੱਲੋਂ ਲਾਠੀਚਾਰਜ ਕੀਤਾ ਗਿਆ ਜਿਸ ਦੀ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਹਲਕਾ ਖਡੂਰ ਸਾਹਿਬ ਤੋਂ ਸ੍ਰ ਗੁਰਸੇਵਕ ਸਿੰਘ ਔਲਖ ਵੱਲੋਂ ਸਖਤ ਸਬਦਾਂ ਵਿਚ ਨਿੰਦਾ ਕੀਤੀ ਗਈ ਇਸ ਮੌਕੇ ਔਲਖ ਵੱਲੋਂ ਦਸਿਆ ਗਿਆ ਕਿ ਕੈਪਟਨ ਸਰਕਾਰ ਅਤੇ ਅਕਾਲੀ ਦਲ ਜੋ ਦੋਨੋ ਰਲੇ ਹੋਏ ਹਨ ਜੋ ਆਮ ਆਦਮੀ ਪਾਰਟੀ ਦੀ ਚੜ੍ਹਤ ਦੇਖ ਕੇ ਪੰਜਾਬ ਸੂਬੇ ਵਿਚ ਰਾਸਟਰਪਤੀ ਸਾਸਨ ਲਾਗੂ ਕਰਵਾਉਣਾ ਚਾਹੁੰਦੇ ਹਨ ਜਦ ਕਿ ਆਮ ਆਦਮੀ ਪਾਰਟੀ ਕਿਸਾਨਾਂ ਦੇ ਹੱਕ ਵਿਚ ਚਟਾਂਨ ਵਾਂਗ ਡੱਟ ਕੇ ਖੜ੍ਹੀ ਹੈ ਗੁਰਸੇਵਕ ਸਿੰਘ ਔਲਖ ਨੇ ਕਿਸਾਨਾਂ ਦੇ ਨਾਲ ਹਮਦਰਦੀ ਪ੍ਰਗਟਾਈ ਕਿਸਾਨਾਂ ਦੇ ਉਪਰ ਕੀਤੇ ਲਾਠੀਚਾਰਜ ਦਾ ਗਹਿਰਾ ਦੁੱਖ ਪ੍ਰਗਟ ਕੀਤਾ।

## ਦਵਿੰਦਰ ਸਿੰਘ ਰਣੀਆ ਨੇ ਆਪਣੇ ਜਨਮ ਦਿਨ 'ਤੇ ਕੀਤਾ ਖੂਨਦਾਨ




**ਮੋਗਾ/ਦਵਿੰਦਰ ਸਿੰਘ ਬਿੱਟੂ**

ਅੱਜ ਸੀਨੀਅਰ ਕਾਂਗਰਸੀ ਆਗੂ ਅਤੇ ਉੱਘੇ ਸਮਾਜ ਸੇਵੀ ਦਵਿੰਦਰ ਸਿੰਘ ਰਣੀਆਂ ਨੇ ਆਪਣੇ ਜਨਮਦਿਨ 'ਤੇ ਖ਼ੂਨਦਾਨ ਕਰਕੇ ਆਮ ਲੋਕਾਂ ਨੂੰ ਵੀ ਖ਼ੂਨਦਾਨ ਕਰਨ ਦਾ ਸੁਹਿਰਦ ਸੁਨੇਹਾ ਦਿੱਤਾ । ਦਵਿੰਦਰ ਰਣੀਆ ਅੱਜ ਮੋਗਾ ਦੇ ਸਿਵਲ ਹਸਪਤਾਲ ਵਿਖੇ ਖ਼ੂਨਦਾਨ ਕਰਨ ਪਹੁੰਚੇ ਅਤੇ ਖ਼ੂਨਦਾਨ ਕਰਨ ਉਪਰੰਤ ਉਹਨਾਂ ਆਖਿਆ ਕਿ ਆਮ ਲੋਕਾਂ ਨੂੰ ਵੀ ਆਪਣੀ ਜ਼ਿੰਦਗੀ ਦੇ ਖਾਸ ਦਿਨਾਂ 'ਤੇ ਇਸੇ ਤਰਾਂ ਖ਼ੂਨਦਾਨ ਕਰਕੇ ਅਜਾਈਂ ਜਾਂਦੀਆਂ ਕੀਮਤੀ ਜਾਨਾਂ ਨੂੰ ਸੁਰੱਖਿਅਤ ਕਰਨਾ ਚਾਹੀਦਾ ਹੈ ।ਉਹਨਾਂ ਆਖਿਆ ਕਿ ਖ਼ੂਨਦਾਨ ਕਰਨ ਨਾਲ ਸਰੀਰ ਵਿਚ ਕਿਸੇ ਤਰਾਂ ਦੀ ਕੋਈ ਕਮਜ਼ੋਰੀ ਨਹੀਂ ਆਉਂਦੀ ਬਲਕਿ ਪ੍ਰਮਾਤਮਾ ਦੀ ਬਖਸ਼ੀ ਇਸ ਦਾਤ ਨਾਲ ਅਸੀਂ ਹੋਰਨਾਂ ਦੀਆਂ ਜਾਨਾਂ ਬਚਾ ਸਕਦੇ ਹਾਂ। ਇਸ ਮੌਕੇ ਉਹਨਾਂ ਨਾਲ ਪਨਦੀਪ ਸਿੰਘ ਸੰਘਾ, ਕੁਲਦੀਪ ਸਿੰਘ, ਢਿੱਲੋਂ ਸਲ ੀਣਾ, ਸਤਨਾਮ ਬਰਾੜ, ਨਿੱਕੂ ਕਾਲੀਏਵਾਲਾ ਅਤੇ ਰਵੀ ਬਰਾੜ ਹਾਜ਼ਰ ਸਨ । ਖ਼ੂਨਦਾਨ ਕਰਨ ਸਮੇਂ ਹਸਪਤਾਲ ਦੇ ਸਮੁੱਚੇ ਸਟਾਫ ਨੇ ਦਵਿੰਦਰ ਸਿੰਘ ਰਣੀਆ ਨੂੰ ਜੀ ਆਇਆਂ ਆਖਿਆ ਅਤੇ ਉਹਨਾਂ ਵੱਲੋਂ ਜਨਮਦਿਨ ਮੌਕੇ ਖ਼ੂਨਦਾਨ ਕਰਨ ਦੀ ਸ਼ਲਾਘਾ ਕਰਦਿਆਂ ਉਹਨਾਂ ਨੂੰ ਜਨਮਦਿਨ ਦੀਆਂ ਵਧਾਈਆਂ ਦਿੰਦਿਆਂ ਲੰਮੀ ਉਮਰ ਦੀ ਕਾਮਨਾ ਕੀਤੀ।

## ਜਦੋ ਸਰਕਾਰਾਂ ਗੈਰ ਜਿੰਮੇਵਾਰ ਹੋ ਜਾਣ ਤਾਂ ਲੋਕਾਂ ਨੂੰ ਜਾਗਣ ਦੀ ਲੋੜ ਪੈਂਦੀ ਹੈ : ਸ਼ਹੀਦ ਭਗਤ ਸਿੰਘ ਨਸ਼ਾ ਵਿਰੋਧੀ ਮੰਚ

■ ਮਾਮਲਾ ਨਸ਼ੇ ਨਾਲ ਪਿੰਡ ਮਹਿਰਾਜ ਵਿਖੇ ਦੋ ਸਕੇ ਭਾਈਆਂ ਦੀ ਹਈ ਮੌਤ ਦਾ

**ਬਠਿੰਡਾ/ਅਨਿਲ ਜੈਨ**

ਬੀਤੇ ਦਿਨੀਂ ਪਿੰਡ ਮਹਿਰਾਜ ਵਿਖੇ ਨਸ਼ੇ ਨਾਲ ਦੋ ਸਕੇ ਭਾਈਆਂ ਦੀ ਹੋਈ ਮੌਤ ਨੂੰ ਲੈ ਕੇ ਇਲਾਕੇ ਵਿੱਚ ਸੋਗ ਦੀ ਲਹਿਰ ਹੈ।ਇਹਨਾਂ ਮੌਤਾਂ ਨੂੰ ਗੰਭੀਰਤਾ ਨਾਲ ਲੈਂਦੇ ਹੋਏ ਇਲਾਕੇ ਦੇ ਸ਼ਹੀਦ ਭਗਤ ਸਿੰਘ ਨਸ਼ਾ ਵਿਰੋਧੀ ਮੰਚ ਵੱਲੋ ਮਹਿਰਾਜ ਪਿੰਡ ਦੀ ਦਾਣਾ ਮੰਡੀ ਵਿਖੇ 4 ਸਤੰਬਰ ਨੂੰ ਸ਼ਾਮ 4 ਵਜੇ ਇੱਕ ਵੱਡਾ ਇਕੱਠ ਕਰਨ ਦਾ ਪ੍ਰੋਗਰਾਮ ਉਲੀਕਿਆ ਗਿਆ ਹੈ। ਇਸ ਸਬੰਧੀ ਜਾਨਕਾਰੀ ਦਿੰਦੇ ਹੋਏ ਸਹੀਦ ਭਗਤ ਸਿੰਘ ਨਸਾ ਵਿਰੋਧੀ ਮੰਚ ਦੇ ਮੈਂਬਰ ਮੇਜਰ ਸਿੰਘ ਕਮਾਲੂ ਨੇ ਦੱਸਿਆ ਕਿ ਅੱਜ ਪੰਜਾਬ ਦਾ ਕੋਈ ਵਾਲੀ-ਵਾਰਿਸ ਨਹੀਂ ਰਿਹਾ ਹੈ ਰੋਜਾਨਾਂ ਨਸ਼ੇ ਨਾਲ ਮਰ ਰਹੇ ਨੋਜਵਾਨ ਇਸ ਗੱਲ ਦਾ ਮੂੰਹ ਬੋਲਦਾ ਸਬੂਤ ਹਨ। ਉਹਨਾਂ ਕਿਹਾ ਕਿ ਜਦ ਸਰਕਾਰਾਂ ਗੈਰ ਜਿੰਮੇਵਾਰ ਹੋ ਜਾਣ ਤਾਂ ਲੋਕਾਂ ਨੂੰ ਜਾਗਣ ਦੀ ਲੋੜ ਪੈਂਦੀ ਹੈ ਸਮੂਹ ਰਾਜਨੀਤਕ ਪਾਰਟੀਆਂ ਵੀ ਮਿਲਕੇ ਸੂਬੇ ਵਿੱਚੋ ਨਸ਼ਿਆਂ ਨੂੰ ਖਤਮ ਕਰਨ ਲਈ ਅਵਾਜ ਉਠਾਉਣ ਦੀ ਬਜਾਏ ਲੋਕਾਂ ਨੂੰ ਮੁਫਤ ਸਹੂਲਤਾਂ ਦੇ ਸਬਜਬਾਗ ਵਿਖਾ ਕੇ ਮਿਸ਼ਨ-2022 ਫਤਿਹ ਕਰਨ ਦੀ ਤਿਆਰੀ ਵਿੱਚ ਲੱਗੀਆਂ ਹੋਈਆ ਹਨ ਜਦਕਿ ਲੋਕਾਂ ਦੀ ਜਾਨ 'ਤੇ ਬਣੀ ਹੋਈ ਹੈ ਜਿਹਨਾਂ ਦੇ ਨੋਜਵਾਨ ਪੁੱਤ ਰੋਜਾਨਾਂ ਨਸ਼ਿਆਂ ਦੀ ਭੇਂਟ ਚੜ ਰਹੇ ਹਨ। ਉਹਨਾਂ ਕਿਹਾ ਕਿ ਲੋਕਾਂ ਨੂੰ ਹੁਣ ਸਰਕਾਰ ਤੋ ਕੋਈ ਉਮੀਦ ਨਹੀਂ ਰਹੀ ਇਸ ਲਈ ਪਿੰਡ ਮਹਿਰਾਜ ਵਿੱਚ ਰੱਖੇ ਗਏ ਇਕੱਠ ਦੋਰਾਨ ਇਸ ਸਮਾਜਿਕ ਬੁਰਾਈ ਦਾ ਟਾਕਰਾ ਕਰਨ ਲਈ ਵਿਉਤਬੰਦੀ ਤਿਆਰ ਕੀਤੀ ਜਾਵੇਗੀ। ਉਹਨਾਂ ਸੂਬੇ ਦੇ ਸਮੂਹ ਸਮਾਜਿਕ ਕਲੱਬਾਂ ਅਤੇ ਨੋਜਵਾਨਾਂ ਨੂੰ ਪਿੰਡ ਮਹਿਰਾਜ ਵਿਖੇ ਸਮਾਗਮ ਵਿੱਚ ਸ਼ਾਮਲ ਹੋਣ ਲਈ ਬੇਨਤੀ ਕੀਤੀ ਹੈ। ਇਸ ਮੋਕੇ ਲੋਕ ਅਧਿਕਾਰ ਲਹਿਰ ਦੇ ਗੁਰਪਿਆਰ ਸਿੰਘ ਕਮਾਲੂ, ਗਗਨਦੀਪ ਸਿੰਘ ਬਹਿਣੀਵਾਲ, ਰੁਪਿੰਦਰਜੀਤ ਸਿੰਘ, ਮਾਸਟਰ ਤੇਜਿੰਦਰਪਾਲ ਸਿੰਘ ਮਾਨਵਾਲਾ, ਅਮਨਦੀਪ ਸਿੰਘ ਗਿਆਨਾ, ਕੁਲਦੀਪ ਸਿੰਘ ਫੁੱਲੋਖਾਰੀ ਆਦਿ ਹਾਜਰ ਸਨ।

## ਚੰਡੀਗੜ੍ਹ ਰੇਲਵੇ ਸਟੇਸ਼ਨ ਨੂੰ ਮਿਲਿਆ 5-ਸਟਾਰ ਦਾ ਰੁਤਬਾ

**ਚੰਡੀਗੜ੍ਹ/ਲੋਕ ਬਾਣੀ :** ਯਾਤਰੀਆਂ ਨੂੰ ਉੱਚ ਗੁਣਵੱਤਾ ਨਾਲ ਭਰਪੂਰ ਪੌਸ਼ਟਿਕ ਭੋਜਨ ਦੇਣ ਲਈ ਚੰਡੀਗੜ੍ਹ ਰੇਲਵੇ ਸਟੇਸ਼ਨ ਨੂੰ 5-ਸਟਾਰ ਇਟ ਰਾਈਟ ਸਟੇਸ਼ਨ ਦਾ ਸਰਟੀਫਿਕੇਟ ਦਿੱਤਾ ਗਿਆ ਹੈ। ਇਹ ਸਰਟੀਫਿਕੇਟ ਐਫ.ਐਸ.ਐਸ.ਏ.ਆਈ. ਵਲੋਂ ਦਿੱਤਾ ਗਿਆ ਹੈ।

## ਚਾਕੂ ਮਾਰ ਕੇ ਰਾਹਗੀਰਾਂ ਨੂੰ ਲੁੱਟਣ ਵਾਲੇ 2 ਲੁਟੇਰੇ ਲਾਲੜੂ ਪੁਲਿਸ ਨੇ ਕੀਤੇ ਕਾਬੂ

**ਡੇਰਾਬੱਸੀ/ਲੋਕ ਬਾਣੀ :** ਡੀ. ਐਸ. ਪੀ. ਡੇਰਾਬੱਸੀ ਮਨੋਜ ਗੋਰਸੀ ਨੇ ਪ੍ਰੈਸ ਕਾਨਫਰੰਸ ਦੌਰਾਨ ਦੱਸਿਆ ਕਿ ਚਾਕੂ ਮਾਰ ਕੇ ਮੋਬਾਇਲ ਫੋਨ, ਨਕਦੀ ਤੇ ਕੀਮਤੀ ਸਮਾਨ ਖੋਹਣ ਵਾਲੇ 2 ਲੁਟੇਰਿਆਂ ਨੂੰ ਲਾਲੜੂ ਪੁਲਿਸ ਨੇ ਕਾਬੂ ਕਰਨ ਵਿਚ ਸਫ਼ਲਤਾ ਹਾਸਲ ਕੀਤੀ ਹੈ। ਮੁਲਜ਼ਮਾਂ ਦੀ ਪਛਾਣ ਬਿਰਜੇਸ ਕੁਮਾਰ ਉਰਫ ਟੀਰਾ ਵਾਸੀ ਬਿਹਾਰ ਹਾਲ ਵਾਸੀ ਪਿੰਡ ਘੋਲੂਮਾਜਰਾ ਅਤੇ ਰਿਤਿਕ ਵਾਸੀ ਕਰਨਾਲ ਹਾਲ ਵਾਸੀ ਪ੍ਰੇਮ ਨਗਰ ਲਾਲੜੂ ਦੇ ਰੂਪ ਵਿਚ ਹੋਈ ਹੈ। ਇਨ੍ਹਾਂ ਪਾਸੋਂ ਖੋਹ ਕੀਤੇ ਗਏ 6 ਮੋਬਾਇਲ ਫੋਨ , ਵਾਰਦਾਤ ਲਈ ਵਰਤਿਆ ਚਾਕੂ , ਚੋਰੀ ਦਾ ਮੋਟਰ ਸਾਈਕਲ, 570 ਗ੍ਰਾਮ ਗਾਂਜਾ ਅਤੇ 1000 ਨਸੀਲੀਆਂ ਗੋਲੀਆਂ ਬਰਾਮਦ ਕੀਤੀਆਂ ਹਨ।

## ਸਰਹੱਦ ਤੋਂ ਦੋ ਕਿੱਲੋ ਹੈਰੋਇਨ ਅਤੇ ਚਾਰ ਪਿਸਤੌਲ ਬਰਾਮਦ




**ਖਾਲੜਾ/ਲੋਕ ਬਾਣੀ :** ਖਾਲੜਾ ਸੈਕਟਰ ਅਧੀਨ ਆਉਂਦੀ ਬੀ. ਐੱਸ. ਐੱਫ. ਦੀ ਸਰਹੱਦੀ ਚੌਕੀ ਧਰਮਾ ਦੇ ਖੇਤਰ ਅੰਦਰੋਂ ਬੀ. ਐਸ. ਐਫ. ਅਤੇ ਪੰਜਾਬ ਪੁਲਿਸ ਵਲੋਂ ਸਾਂਝੀ ਕਾਰਵਾਈ ਕਰਦਿਆਂ ਕੰਡਿਆਲੀ ਤਾਰ ਤੋਂ ਪਾਰ ਦੋ ਕਿਲੋ ਹੈਰੋਇਨ ਅਤੇ ਚਾਰ ਪਿਸਤੌਲ ਬਰਾਮਦ ਕਰਨ ਦੀ ਖਬਰ ਹੈ ।ਬਰਾਮਦ ਕੀਤੀ ਹੈਰੋਇਨ ਦੀ ਕੀਮਤ ਅੰਤਰਰਾਸਟਰੀ ਬਾਜਾਰ ਵਿਚ ਦਸ ਕਰੋੜ ਆਂਕੀ ਜਾਂਦੀ ਹੈ ।



# ਵਿਧਾਇਕ ਅਮਨ ਅਰੋੜਾ ਦੀ ਅਗਵਾਈ ਵਿੱਚ ਕਾਂਗਰਸ ਛੱਡ ਕੇ ਦਰਜਨਾਂ ਪਰਿਵਾਰ ਆਮ ਆਦਮੀ ਪਾਰਟੀ ਵਿੱਚ ਸ਼ਾਮਲ

**ਸੁਨਾਮ/ਵਰਮਾ**

ਹਲਕਾ ਵਿਧਾਇਕ ਅਮਨ ਅਰੋੜਾ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਉਨ੍ਹਾਂ ਦੀ ਅਗਵਾਈ ਵਿੱਚ ਹਲਕੇ ਦੇ ਲੋਕਾਂ ਦਾ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਣ ਦਾ ਰੁਝਾਨ ਦਿਨੋਂ-ਦਿਨ ਵੱਧਦਾ ਜਾ ਰਿਹਾ ਹੈ।ਅੱਜ ਸੁਨਾਮ ਦੇ ਵਾਰਡ ਨੰ: 22 ਤੋਂ ਦਰਜਨਾਂ ਪਰਿਵਾਰ ਕਾਂਗਰਸ ਨੂੰ ਅਲਵਿਦਾ ਕਹਿ ਕੇ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਏ।

ਇਸ ਮੌਕੇ ਸੰਬੋਧਨ ਕਰਦੇ ਹੋਏ ਅਮਨ ਅਰੋੜਾ ਨੇ ਕਿਹਾ ਕਿ ਅੱਜ ਪੰਜਾਬ ਦੀ ਜਨਤਾ ਸਰਕਾਰ ਦੀਆਂ ਵਧਕੀਆਂ ਅਤੇ ਕਾਂਗਰਸ ਦੇ ਕਾਟੋ- ਕਲੇਸ਼ ਤੋਂ ਅੱਕ ਚੁੱਕੀ ਹੈ। ਨਵਜੋਤ ਸਿੱਧੂ ਪ੍ਰਧਾਨ ਬਣਨ ਤੋਂ ਬਾਅਦ ਵੀ ਪੰਜਾਬ ਦੀ ਜਨਤਾ ਨਾਲ ਕੀਤੇ ਵਾਅਦਿਆਂ ਵਿੱਚੋਂ ਇੱਕ ਵੀ ਵਾਅਦਾ ਪੂਰਾ ਕਰਵਾਉਣ ਸਫਲ ਨਹੀਂ ਹੋਏ ਤੇ ਮੁੱਖ ਮੰਤਰੀ ਅਤੇ ਮੰਤਰੀ ਆਪਣੀਆਂ ਕੁਰਸੀਆਂ ਬਚਾਉਣ ਦੇ ਚੱਕਰਾਂ ਵਿੱਚ ਲੱਗੇ ਹੋਏ ਹਨ ਤੇ ਜਨਤਾ ਸਾਰ ਨਹੀਂ ਲੈ ਰਹੇ।

ਉਨ੍ਹਾਂ ਕਿਹਾ ਕਿ ਪੰਜਾਬ ਦੀ ਜਨਤਾ 2022 ਦੀ ਬੜੀ ਬੇਸਬਰੀ ਨਾਲ ਉਡੀਕ ਰਹੀ ਹੈ ਤਾਂ ਜੋ ਕਾਂਗਰਸ ਦੀ ਇਸ ਨਕਾਰਾ ਸਰਕਾਰ ਨੂੰ ਚੱਲਦਿਆਂ ਕਰਕੇ ਆਮ ਆਦਮੀ ਪਾਰਟੀ ਦੀ ਭਾਰੀ ਬਹੁਮਤ ਨਾਲ ਸਰਕਾਰ ਬਣਾਈ ਜਾ ਸਕੇ। ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਏ ਵਿਅਕਤੀਆਂ ਨੇ ਕਿਹਾ ਕਿ ਉਹ ਵਿਧਾਇਕ ਅਮਨ ਅਰੋੜਾ ਦੀ ਕਾਰਜਸ਼ੈੱਲੀ ਤੋਂ ਪ੍ਰਭਾਵਿਤ ਹੋ ਕੇ ਆਮ ਆਦਮੀ ਪਾਰਟੀ ਵਿੱਚ ਸ਼ਾਮਿਲ ਹੋ ਰਹੇ ਹਨ। ਇਸ ਮੌਕੇ ਸੁਰਿੰਦਰ ਸਿੰਘ, ਸੁਰਜੀਤ ਕੌਰ, ਜਗਤਾਰ ਸਿੰਘ, ਨਿੱਕਾ ਸਿੰਘ, ਨਰਿੰਦਰ ਸਿੰਘ, ਗੁਰਮੇਲ ਸਿੰਘ, ਕੁਲਦੀਪ ਸਿੰਘ, ਪਿਆਰਾ ਸਿੰਘ, ਭਰਭੂਰ ਸਿੰਘ, ਅਵਤਾਰ ਸਿੰਘ, ਦਿਆਲ ਸਿੰਘ, ਪਿਆਰਾ ਸਿੰਘ, ਭੋਲਾ ਸਿੰਘ, ਰਘਵੀਰ ਸਿੰਘ, ਗੁਰਪਾਲ ਸਿੰਘ, ਪ੍ਰਦੀਪ ਸਿੰਘ, ਸੁਰਿੰਦਰ ਸਿੰਘ ਆਦਿ ਆਮ ਆਦਮੀ ਪਾਰਟੀ ਵਿੱਚ ਸ਼ਾਮਿਲ ਹੋਏ। ਇਸ ਮੌਕੇ ਬਲਾਕ ਪ੍ਰਧਾਨ ਮਨੀ ਸਰਾਓ, ਨਰਿੰਦਰ ਠੇਕੇਦਾਰ, ਭਾਨੂੰ ਪ੍ਰਤਾਪ ਆਦਿ ਵਾਲੰਟੀਅਰ ਮੌਜੂਦ ਸਨ।

# ਰਾਏਕੋਟ ਵਿੱਚ ਸ਼ੱਕੀ ਹਾਲਾਤਾਂ ਵਿੱਚ ਮਾਲੀ ਦਾ ਤੇਜਧਾਰ ਹਥਿਆਰਾਂ ਨਾਲ ਕਤਲ



**ਰਾਇਕੋਟ/ਅਰਜੁਨ ਸਹਿਜਪਾਲ**

ਰਾਏਕੋਟ ਦੇ ਮਲੇਰਕੋਟਲਾ ਰੋਡ 'ਤੇ ਹਰੀ ਸਿੰਘ ਨਲਵਾ ਚੌਕ ਨੇੜੇ ਨਰਸਰੀ' ਚ ਕੰਮ ਕਰਦੇ 70 ਸਾਲਾ ਬਜੁਰਗ ਮਾਲੀ ਤੁਲਾਰਾਮ ਦਾ ਤੇਜਧਾਰ ਹਥਿਆਰਾਂ ਨਾਲ ਕਤਲ ਕਰ ਦਿੱਤਾ ਗਿਆ। ਉਸੇ ਸਮੇਂ, ਥਾਣਾ ਸਕਿਹਾਬਾਦ ਜਲ੍ਹਿਾ ਫਰਿਜਾਬਾਦ, ਉੱਤਰ ਪ੍ਰਦੇਸ ਦਾ ਵਸਨੀਕ ਸੀ। ਇਸ ਵੇਲੇ ਉਹ ਆਬਾਦੀ ਵਾਲੇ ਪਿਛਲੇ ਪਾਸੇ ਗੁਰਦੁਆਰਾ ਟਾਹਲਿਆਣਾ ਸਾਹਿਬ ਵਿੱਚ ਨਰਸਰੀ ਗੇਟ ਦੇ ਨੇੜੇ ਬਣੀ ਝੌਂਪੜੀ ਵਿੱਚ ਰਹਿੰਦਾ ਸੀ। ਰਾਤ 10:30 ਵਜੇ ਸੁਰਿੰਦਰ ਸਾਹਨੀ, ਜੋ ਮਲੇਰਕੋਟਲਾ ਰੋਡ 'ਤੇ ਮਠਿਆਈ ਦੀ ਦੁਕਾਨ ਚਲਾਉਂਦਾ ਹੈ, ਨੇ ਆਪਣੀ ਦੁਕਾਨ ਬੰਦ ਕਰ ਲਈ ਅਤੇ ਬਾਹਰ ਜਾਣ ਲੱਗਾ, ਜਦੋਂ ਉਸ ਨੇ ਦੇਖਿਆ ਕਿ ਮਾਲੀ ਤੁਲਾਰਾਮ ਹੇਠਾਂ ਡਿੱਗ ਪਿਆ ਸੀ। ਉਸਨੇ ਮਾਲੀ ਦੇ ਭਤੀਜੇ ਪ੍ਰਵੀਨ ਕੁਮਾਰ ਨੂੰ ਫੋਨ ਤੇ ਸੂਚਿਤ ਕੀਤਾ। ਜਦੋਂ ਉਹ ਉੱਥੇ ਪਹੁੰਚਿਆ ਤਾਂ ਉਸਨੇ ਵੇਖਿਆ ਕਿ ਤੁਲਾ ਰਾਮ ਦੀ ਮੌਤ ਹੋ ਚੁੱਕੀ ਹੈ।ਇਸ ਸਬੰਧੀ ਪੁਲਿਸ ਨੂੰ ਸੂਚਨਾ ਦਿੱਤੀ ਗਈ ਤਾਂ ਐਸਪੀ ਪੀਬੀਆਈ ਰਾਜਵੀਰ ਸਿੰਘ, ਡੀਐਸਪੀ ਰਾਏਕੋਟ ਗੁਰਚਰਨ ਸਿੰਘ ਅਤੇ ਥਾਣਾ ਰਾਏਕੋਟ ਦੇ ਇੰਚਾਰਜ ਅਜਾਇਬ ਸਿੰਘ ਮੌਕੇ 'ਤੇ ਪਹੁੰਚੇ। ਉਸ ਨੇ ਲਾਸ ਨੂੰ ਕਬਜੇ ਵਿੱਚ ਲੈ ਕੇ ਪੋਸਟਮਾਰਟਮ ਲਈ ਹਸਪਤਾਲ ਭੇਜ ਦਿੱਤਾ। ਪੁਲਿਸ ਨੇ ਹੱਤਿਆ ਦੇ ਦੋਸ ਵਿੱਚ ਅਣਪਛਾਤੇ ਵਿਅਕਤੀ ਦੇ ਖਿਲਾਫ ਮਾਮਲਾ ਦਰਜ ਕਰਕੇ ਜਾਂਚ ਸੁਰੂ ਕਰ ਦਿੱਤੀ ਹੈ। ਸੂਤਰਾਂ ਅਨੁਸਾਰ ਪੁਲਿਸ ਕਤਾਲ ਦੇ ਕਬਰਸਤਾਨ ਵਿੱਚ ਪਹੁੰਚ ਗਈ ਹੈ ਅਤੇ ਜਲਦੀ ਹੀ ਇਸਦਾ ਖੁਲਾਸਾ ਕਰੇਗੀ।

# ਸੁਖਬੀਰ ਸਿੰਘ ਬਾਦਲ ਦੀ ਮੋਗਾ ਫੇਰੀ ਦੌਰਾਨ ਬੀਜੇਪੀ ਦੇ ਸਾਬਕਾ ਜ਼ਿਲ੍ਹਾ ਪ੍ਰਧਾਨ ਤਰਲੋਚਨ ਸਿੰਘ ਗਿੱਲ ਅਕਾਲੀ ਦਲ ਚ' ਹੋਏ ਸ਼ਾਮਲ

**ਮੋਗਾ/ਦਵਿੰਦਰ ਸਿੰਘ ਬਿੱਟੂ**

ਸ਼੍ਰੋਮਣੀ ਅਕਾਲੀ ਦਲ (ਬਾਦਲ) ਵੱਲੋਂ ਅੱਜ ਮੋਗਾ, ਧਰਮਕੋਟ ,ਫਤਿਹਗੜ੍ਹ ਪੰਜਤੂਰ ਅਤੇ ਕੋਟ ਈਸੇ ਖਾਂ ਵਿਖੇ ਚੁਣਾਵੀ ਰੈਲੀਆਂ ਕੀਤੀਆਂ ਗਈਆਂ ਜਿਸ ਵਿਚ ਵੱਖਰੋ ਵੱਖਰੀਆਂ ਇਕਾਈਆਂ ਵੱਲੋਂ ਇਨ੍ਹਾਂ ਵਿੱਚ ਭਰਵੀਂ ਸ਼ਮੂਲੀਅਤ ਕਰਵਾਉਣ ਲਈ ਆਪਣੇ ਵੱਲੋਂ ਪੂਰਾ ਟਿੱਲ ਲਾਇਆ। ਗਿਆ ।ਇਨ੍ਹਾਂ ਰੈਲੀਆਂ ਦਾ ਮੁੱਖ ਕੇਂਦਰ ਬਿੰਦੂ ਹਲਕਾ ਮੋਗਾ ਦੇ ਸੰਭਾਵੀਂ ਉਮੀਦਵਾਰ ਬਰਜਿੰਦਰ ਸਿੰਘ ਮੱਖਣ ਬਰਾੜ ਸਪੁੱਤਰ ਜਥੇਦਾਰ ਤੋਤਾ ਸਿੰਘ ਅਤੇ ਹਲਕਾ ਧਰਮਕੋਟ ਤੋਂ ਪ੍ਰਬਲ ਦਾਅਵੇਦਾਰ ਜਥੇਦਾਰ ਤੋਤਾ ਸਿੰਘ ਰਹੇ। ਇਨ੍ਹਾਂ ਰੈਲੀਆਂ ਵਿੱਚ ਕੀਤੀ ਗਈ ਇਕੱਤਰਤਾ ਇਕ ਤਰ੍ਹਾਂ ਨਾਲ ਚੁਣਾਵੀਂ ਸ਼ੋਅ ਦੇ ਨਾਲ ਨਾਲ ਅਕਾਲੀ ਦਲ ਪਾਰਟੀ ਵੱਲੋਂ ਕੀਤਾ ਗਿਆ ਤਾਕਤ ਦਾ ਮੁਜ਼ਾਹਰਾ ਨਜ਼ਰ ਆਇਆ ।ਮੋਗਾ ਰੈਲੀ ਦੌਰਾਨ ਕੀਤੇ ਗਏ ਵਿਰੋਧ ਸਦਕਾ ਇਨ੍ਹਾਂ ਦੀਆਂ ਗੱਡੀਆਂ ਤੇ ਪਥਰਾਅ ਵੀ ਕੀਤਾ ਗਿਆ ਵੇਖਿਆ ਗਿਆ ।ਇਸ ਸਮੇਂ ਅਕਾਲੀ ਦਲ (ਬ) ਨੂੰ ਉਸ ਵਕਤ ਭਾਰੀ ਬਲ ਮਿਲਿਆ ਜਦੋਂ ਬੀ. ਜੇ. ਪੀ ਦੇ ਸਰਗਰਮ ਆਗੂ ਅਤੇ ਸਾਬਕਾ ਜ਼ਿਲ੍ਹਾ ਪ੍ਰਧਾਨ ਤਰਲੋਚਨ ਸਿੰਘ ਗਿੱਲ ਵੱਲੋਂ ਬੀ. ਜੇ. ਪੀ ਨੂੰ ਅਲਵਿਦਾ ਕਹਿੰਦੇ ਹੋਏ ਅਕਾਲੀ ਦਲ ਬਾਦਲ ਵਿੱਚ ਸ਼ਾਮਲ ਹੋਣ ਦਾ ਐਲਾਨ ਕੀਤਾ ਗਿਆ ਜਿਸ ਨੂੰ ਸਾਬਕਾ ਡਿਪਟੀ ਮੁੱਖ ਮੰਤਰੀ ਅਤੇ ਸੂਬਾ ਪ੍ਰਧਾਨ ਅਕਾਲੀ ਦਲ(ਬ) ਸ੍ਰੀ ਸੁਖਬੀਰ ਸਿੰਘ ਬਾਦਲ ਵੱਲੋਂ ਸਿਰੋਪਾਓ ਦੇ ਕੇ ਸਨਮਾਨਤ ਕੀਤਾ ਗਿਆ ਜਿਨ੍ਹਾਂ ਨਾਲ ਸਾਬਕਾ ਕੈਬਨਿਟ ਮਨਿਸਟਰ, ਕੋਰ ਕਮੇਟੀ ਮੈਂਬਰ ਅਤੇ ਸੀਨੀਅਰ ਮੀਤ ਪ੍ਰਧਾਨ ਜਥੇਦਾਰ ਤੋਤਾ ਸਿੰਘ ਅਤੇ ਸਾਬਕਾ ਚੇਅਰਮੈਨ ਸਿਹਤ ਵਿਭਾਗ ਬਰਜਿੰਦਰ ਸਿੰਘ ਮੱਖਣ ਬਰਾੜ ਵੀ ਨਾਲ ਸਨ।



# ਪ੍ਰੇਮ ਸਬੰਧਾਂ ਕਾਰਨ ਇੱਕ ਨੌਜਵਾਨ ਦੀ ਭੇਦ ਭਰੇ ਹਾਲਾਤਾਂ ਵਿੱਚ ਹੋਈ ਮੌਤ

## *ਪੁਲਿਸ ਨੇ 5 ਦੋਸ਼ੀਆਂ ਖਿਲਾਫ ਕਤਲ ਦਾ ਮਾਮਲਾ ਕੀਤਾ ਦਰਜ*





**ਸੁਨਾਮ/ਵਰਮਾ**

ਸਥਾਨਕ ਓਲੰਪਿਕ ਸਟੇਡੀਅਮ ਦੇ ਪਿਛਲੇ ਪਾਸੇ ਬਸਤੀ ਵਿਚ ਇਕ ਲੜਕੇ ਦੀ ਭੇਦਭਰੇ ਹਾਲਾਤਾਂ ਚ ਮੌਤ ਹੋਣ ਦਾ ਮਾਮਲਾ ਸਾਹਮਣੇ ਆਇਆ ਹੈ। ਮਿਲੀ ਜਾਣਕਾਰੀ ਅਨੁਸਾਰ ਮ੍ਰਿਤਕ ਲੜਕੇ ਅਤੇ ਇੱਕ ਲੜਕੀ ਵਿੱਚ ਪਿਛਲੇ ਲੰਮੇ ਸਮੇਂ ਤੋਂ ਪ੍ਰੇਮ ਸਬੰਧ ਚੱਲ ਰਹੇ ਸਨ। ਮ੍ਰਿਤਕ ਲੜਕੇ ਦੇ ਪਰਿਵਾਰ ਵੱਲੋਂ ਲੜਕੀ ਦੇ ਪਰਿਵਾਰ ਤੇ ਲੜਕੇ ਨੂੰ ਜ਼ਹਿਰ ਦੇ ਕੇ ਮਾਰਨ ਦੇ ਦੋਸ਼ ਲਗਾਏ ਗਏ ਹਨ। ਮੌਤ ਤੋਂ ਪਹਿਲਾਂ ਮ੍ਰਿਤਕ ਅਜੇ ਕੁਮਾਰ ਵੱਲੋਂ ਮੋਬਾਇਲ ਆਵਾਜ਼ ਰਿਕਾਰਡਿੰਗ ਕਰਕੇ ਅਪਣੇ ਭਰਾ ਨੂੰ ਭੇਜੀ ਗਈ ਆਡੀਓ ਵਿੱਚ ਉਸ ਨੇ ਕਿਹਾ ਹੈ ਕਿ ਉਸਨੂੰ ਫੋਨ ਕਰਕੇ ਲੜਕੀ ਦੇ ਘਰ ਬੁਲਾਇਆ ਗਿਆ। ਜਿੱਥੇ ਪਤਾ ਨਹੀਂ ਕਿਸ ਚੀਜ਼ ਦੀ ਗੋਲੀ ਮੈਨੂੰ ਖਵਾਈ ਅਤੇ ਕਹਿਣ ਲੱਗੇ ਕਿ ਅੱਧੇ ਘੰਟੇ ਵਿੱਚ ਤੂੰ ਮਰ ਜਾਵੇਂਗਾ। ਆਡੀਓ ਵਿੱਚ ਮ੍ਰਿਤਕ ਨੇ ਅੱਗੇ ਕਿਹਾ ਕਿ ਦੋਸ਼ੀਆਂ ਨੇ ਆਪਸ ਵਿੱਚ ਗੱਲ ਕਰਦਿਆਂ ਕਿਹਾ ਕਿ ਹੁਣ ਇਸ ਨੂੰ ਘਰ ਛੱਡ ਆਵੋ। ਕਿਤੇ ਆਪਣਾ ਨਾਂ ਮਾਮਲੇ ਵਿੱਚ ਨਾ ਆ ਜਾਵੇ। ਆਡੀਓ ਵਿੱਚ ਮ੍ਰਿਤਕ ਅਜੇ ਕੁਮਾਰ ਨੇ ਆਪਣੇ ਭਰਾ ਤੋਂ ਮੰਗ ਕਰਦਿਆਂ ਕਿਹਾ ਕਿ ਇਨ੍ਹਾਂ ਦੋਸ਼ੀਆਂ ਨੂੰ ਬਖਸ਼ਿਆ ਨਾ ਜਾਵੇ ।

ਸਥਾਨਕ ਅਨਾਜ ਮੰਡੀ ਚੌਂਕੀ ਇੰਚਾਰਜ ਕਸ਼ਮੀਰ ਸਿੰਘ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਉਕਤ ਮਾਮਲੇ ਸੰਬੰਧੀ ਸਾਨੂੰ ਜਾਣਕਾਰੀ ਮਿਲੀ ਸੀ ਕਿ ਕਿਸੇ ਜ਼ਹਿਰੀਲੀ ਚੀਜ਼ ਕਾਰਨ ਉਕਤ ਲੜਕੇ ਦੀ ਮੌਤ ਹੋ ਗਈ ਹੈ ਅਤੇ ਉਸ ਦੀ ਡੈੱਡ ਬਾਡੀ ਰਾਜਿੰਦਰਾ ਹਸਪਤਾਲ ਪਟਿਆਲਾ ਵਿਖੇ ਪਈ ਹੈ। ਉਨ੍ਹਾਂ ਦੱਸਿਆ ਕਿ ਮ੍ਰਿਤਕ ਅਜੇ ਕੁਮਾਰ ਦੇ ਗੁਆਂਢ ਵਿੱਚ ਇੱਕ ਲੜਕੀ ਨਾਲ ਪ੍ਰੇਮ ਸੰਬੰਧ ਸਨ ਅਤੇ ਉਸ ਨਾਲ ਵਿਆਹ ਕਰਵਾਉਣਾ ਚਾਹੁੰਦਾ ਸੀ। ਪਰ ਲੜਕੀ ਦੇ ਪਰਿਵਾਰ ਵਾਲੇ ਰੋਕਦੇ ਸਨ। ਲੜਕੀ ਦੇ ਪਰਿਵਾਰ ਵਾਲਿਆਂ ਨੇ ਲੜਕੇ ਨੂੰ ਘਰ ਬੁਲਾ ਕੇ ਜਹਿਰੀਲੀ ਚੀਜ਼ ਖੁਆ ਦਿੱਤੀ। ਜਿਸ ਕਾਰਨ ਲੜਕੇ ਦੀ ਮੌਤ ਹੋ ਗਈ। ਉਨ੍ਹਾਂ ਅੱਗੇ ਦੱਸਿਆ ਕਿ ਮ੍ਰਿਤਕ ਅਜੇ ਕੁਮਾਰ ਦੇ ਭਰਾ ਵਿਜੈ ਕੁਮਾਰ ਦੇ ਬਿਆਨਾਂ ਦੇ ਆਧਾਰ ਤੇ 5 ਜਨਿਆਂ ਲੜਕੀ ਅਨੂੰ ਅਨੂੰ ਦੀ ਮਾਂ ਸੁਨੀਤਾ ਰਿਸਤੇਦਾਰ ਵਿੱਕੀ ਮੇਸ਼ੀ ਅਤੇ ਮੇਛੀ ਦੀ ਘਰਵਾਲੀ ਮੰਜੂ ਦੇ ਖਿਲਾਫ 302 ਅਤੇ 120 ਬੀ ਦਾ ਮਾਮਲਾ ਦਰਜ ਕਰਕੇ ਅਗਲੀ ਕਾਨੂੰਨੀ ਕਾਰਵਾਈ ਕੀਤੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਅਨੂੰ ਦੇ ਪਿਤਾ ਰਾਜਪਾਲ ਅਤੇ ਇੱਕ ਵਿਅਕਤੀ ਬਰੋਟਾ ਦੀ ਇਸ ਮਾਮਲੇ ਵਿੱਚ ਜਾਂਚ ਪੜਤਾਲ ਕੀਤੀ ਜਾ ਰਹੀ ਹੈ। ਜੇਕਰ ਉਹ ਦੋਸ਼ੀ ਪਾਏ ਜਾਂਦੇ ਹਨ ਤਾਂ ਉਨ੍ਹਾਂ ਨੂੰ ਵੀ ਮਾਮਲੇ ਵਿੱਚ ਨਾਮਜਦ ਕੀਤਾ ਜਾਵੇਗਾ।

# ਰਸੋਈ ਗੈਸ ਸਿਲੰਡਰ ’ਚ ਕੀਤੇ ਵਾਧੇ ਦੀ ਚੁਫੇਰਿਓ ਨਿੰਦਾ

**ਰਾਮਾਂ ਮੰਡੀ/ਅਨਿਲ ਜੈਨ**



ਰਸੋਈ ਗੈਸ ਸਿਲੰਡਰ ’ਚ ਕੀਤੇ ਗਏ 25 ਰੁਪਏ ਦੇ ਵਾਧੇ ਦੀ ਚੁਫੇਰਿਓ ਨਿੰਦਾ ਕੀਤੀ ਜਾ ਰਹੀ ਹੈ।ਪੱਤਰਕਾਰਾਂ ਨਾਲ ਗੱਲ ਕਰਦਿਆਂ ਸ਼੍ਰੋਮਣੀ ਅਕਾਲੀ ਦਲ ਦੇ ਸ਼ਹਿਰੀ ਪ੍ਰਧਾਨ ਸਤਵੀਰ ਸਿੰਘ ਅਸੀਜਾ ਨੇ ਕਿਹਾ ਕਿ ਪ੍ਰਧਾਨ ਮੰਤਰੀ ਵਲੋ ਲੋਕਾਂ ਨੂੰ ਮੁਫਤ ਗੈਸ ਕੁਨੈਕਸ਼ਨ ਦੇਣ ਲਈ ਚਲਾਈ ਗਈ ਉਜਵਲਾ ਯੋਜਨਾ ਡਰਾਮੇਬਾਜੀ ਸਾਬਿਤ ਹੋਈ ਹੈ ਕਿਉਕਿ ਗੈਸ ਸਿਲੰਡਰ ਦੇ ਰੇਟਾਂ ਵਿੱਚ ਵਾਰ ਵਾਰ ਵਾਧਾ ਕਰਕੇ ਲੋਕਾਂ ਤੋ ਸਿਲੰਡਰ ਭਰਵਾਉਣ ਦਾ ਹੱਕ ਖੋਹ ਲਿਆ ਗਿਆ ਹੈ। ਉਹਨਾਂ ਕਿਹਾ ਕਿ ਪਿੱਛਲੀਆਂ ਸਰਕਾਰਾਂ ਵਲੋ ਲੋਕਾਂ ਨੂੰ ਗੈਸ ਸਿਲੰਡਰਾਂ ’ਤੇ ਦਿੱਤੀ ਜਾਂਦੀ ਸਬਸਿਡੀ ਕੋਈ ਅਹਿਸਾਨ ਨਹੀਂ ਬਲਕਿ ਲੋਕਾਂ ਦਾ ਮੋਲਿਕ ਅਧਿਕਾਰ ਸੀ ਕਿਉਕਿ ਸਰਕਾਰਾਂ ਵਲੋ ਭਾਰਤ ਦੇ ਹਰ ਪਰਿਵਾਰ ਨੂੰ ਰੋਟੀ, ਕੱਪੜਾ ਅਤੇ ਮਕਾਨ ਮੁਹੱਈਆ ਕਰਵਾਉਣਾ ਸੰਵਿਧਾਨਿਕ ਹੱਕ ਹੈ ਪਰ ਅੱਜ ਸਰਕਾਰਾਂ ਸੰਵਿਧਾਨ ਤੋ ਬਾਹਰ ਜਾ ਕੇ ਲੋਕਾਂ ਦੀ ਲੁੱਟ ਕਰ ਰਹੀਆ ਹਨ ਜਿਸ ਕਾਰਨ ਲੋਕ ਤਿੰਨੇ ਜਰੂਰਤਾਂ ਰੋਟੀ,ਕੱਪੜਾ ਅਤੇ ਮਕਾਨ ਤੋ ਦੂਰ ਹੁੰਦੇ ਜਾ ਰਹੇ ਹਨ। ਸਰਕਾਰਾਂ ਵਲੋ ਨਿੱਤ ਵਧਾਈ ਜਾ ਰਹੀ ਮਹਿੰਗਾਈ ਕਾਰਨ ਤਿੰਨੇ ਜਰੂਰਤਾਂ ਲੋਕਾਂ ਦਾ ਸੁਪਨਾ ਬਣਦੀਆਂ ਜਾ ਰਹੀਆ ਹਨ। ਉਹਨਾਂ ਕੇਂਦਰ ਸਰਕਾਰ ਤੋ ਮੰਗ ਕੀਤੀ ਕਿ ਪੈਟਰੋਲ, ਡੀਜਲ ਅਤੇ ਸਿਲੰਡਰ ਦੇ ਰੇਟ ਅੱਧੇ ਕੀਤੇ ਜਾਣ ਅਤੇ ਪੰਜਾਬ ਸਰਕਾਰ ਵੱਲੋ ਵੀ ਜਾਇਦਾਦਾਂ ਦੀਆਂ ਰਜਿਸਟਰੀਆਂ ਮੁਫਤ ਕੀਤੀਆਂ ਜਾਣ ਤਾਂ ਕਿ ਲੋਕਾਂ ਦੀਆਂ ਜਰੂਰਤਾਂ ਪੂਰੀਆਂ ਹੋ ਸਕਣ।

# ਸੁਖਬੀਰ ਬਾਦਲ ਵੱਲੋਂ ਕਿਸਾਨ ਅੰਦੋਲਨ ਨੂੰ ਫੇਲ੍ਹ ਕਰਨ ਲਈ ਰੈਲੀਆਂ ਕੀਤੀਆਂ ਜਾ ਰਹੀਆਂ ਹਨ : ਬਲਜਿੰਦਰ ਸਿੰਘ ਖਾਲਸਾ

**ਮੋਗਾ/ਧਰਮਕੋਟ ਦਵਿੰਦਰ ਸਿੰਘ ਬਿੱਟੂ**

ਪੰਜਾਬ ਵਿੱਚ ਸ਼੍ਰੋਮਣੀ ਅਕਾਲੀ ਦਲ ਸੁਖਬੀਰ ਸਿੰਘ ਬਾਦਲ ਵੱਲੋਂ ਕਿਸਾਨ ਅੰਦੋਲਨ ਨੂੰ ਫੇਲ੍ਹ ਕਰਨ ਲਈ ਲਗਾਤਾਰ ਰੈਲੀਆਂ ਕੀਤੀਆਂ ਜਾ ਰਹੀਆਂ ਹਨ ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਖ਼ਾਲਸਾ ਬਲਜਿੰਦਰ ਸਿੰਘ ਕਿਸਾਨ ਆਗੂ ਨੇ ਕੀਤਾ ਉਨ੍ਹਾਂ ਕਿਹਾ ਕਿ ਜੇਕਰ ਸੁਖਬੀਰ ਬਾਦਲ ਵਾਕੇ ਹੀ ਕਿਸਾਨ ਹਿਤੈਸ਼ੀ ਹੈ ਤਾਂ ਅਕਾਲੀ ਵਰਕਰਾਂ ਨੂੰ ਕਿਸਾਨਾਂ ਦੇ ਨਾਲ ਖੜ੍ਹਨ ਅਤੇ ਦਿੱਲੀ ਜਾਣ ਲਈ ਪ੍ਰੇਰਿਤ ਕਰਨ ਉਨ੍ਹਾਂ ਕਿਹਾ ਕਿ ਲੋਕ ਅਕਾਲੀ ਦਲ ਦੀਆਂ ਚਾਲਾਂ ਸਮਝ ਚੁੱਕੇ ਹਨ ਅਤੇ ਇਨ੍ਹਾਂ ਦੇ ਝਾਂਸੇ ਵਿਚ ਨਹੀਂ ਫਸਣਗੇ ਜਿਸ ਦਾ ਨਤੀਜਾ 2022 ਦੀਆ ਚੋਣਾਂ ਵਿੱਚ ਸਾਰਿਆਂ ਦੇ ਸਾਹਮਣੇ ਆ ਜਾਵੇਗਾ।



# ਰੌਇਲ ਐਨਫੀਲਡ ਨੇ ਨਵਾਂ ਕਲਾਸਿਕ 350 ਮੋਟਰਸਾਈਕਲ ਲਾਂਚ ਕੀਤਾ

**ਲੁਧਿਆਣਾ/ਲੋਕ ਬਾਣੀ**

1901 ਤੋਂ ਰੌਇਲ ਐਨਫੀਲਡ ਲਚਕੀਲੇਪਣ, ਉਦੇਸ਼ਪੂਰਣ ਲੰਬੀ ਉਮਰ ਅਤੇ ਪ੍ਰਮਾਣਿਕਤਾ ਦਾ ਪ੍ਰਤੀਕ ਰਿਹਾ ਹੈ . ਇਸ ਨੇ ਆਪਣੇ 120ਵੇਂ ਸਾਲ ਵਿੱਚ, ਰੌਇਲ ਐਨਫੀਲਡ ਨੇ ਨਵੇਂ ਰੌਇਲ ਐਨਫੀਲਡ ਕਲਾਸਿਕ 350 ਦੀ ਸੁਰੂਆਤ ਦੇ ਨਾਲ ਆਪਣੇ ਪ੍ਰਤੀਕ ਮੋਟਰਸਾਈਕਲ, ਕਲਾਸਿਕ ਨੂੰ ਦੁਬਾਰਾ ਪੇਸ ਕੀਤਾ ਹੈ ਜੋ ਆਧੁਨਿਕ ਇੱਛਾਵਾਂ ਨੂੰ ਪੂਰਾ ਕਰਨ ਵਾਲਾ ਇੱਕ ਸਦੀਵੀ ਕਲਾਸਿਕ ਮੋਟਰਸਾਈਕਲ ਹੈ . ਕਲਾਸਿਕ ਦੀ ਉੱਤਮ ਸੁੰਦਰਤਾ ਅਤੇ ਵਿਸਵਾਸ ਨੂੰ ਹੁਣ ਵਧੇਰੇ ਨਿਰਵਿਘਨ ਅਤੇ ਸੁਧਾਰੀ ਗਈ ਸਵਾਰੀ ਦੇ ਤਜਰਬੇ ਨਾਲ ਬਿਹਤਰ ਬਣਾਇਆ ਗਿਆ ਹੈ .



ਆਇਸਰ ਮੋਟਰਜ ਲਿਮਿਟੇਡ ਦੇ ਮੈਨੇਜਿੰਗ ਡਾਇਰੈਕਟਰ ਸਿਧਾਰਥ ਲਾਲ ਨੇ ਕਲਾਸਿਕ ਦੀ ਵਿਰਾਸਤ ਬਾਰੇ ਗੱਲ ਕਰਦਿਆਂ, ਅਤੇ ਨਵੇਂ ਰੌਇਲ ਐਨਫੀਲਡ ਕਲਾਸਿਕ 350 ਦੇ ਲਾਂਚ ‘ਤੇ ਟਿੱਪਣੀ ਕਰਦਿਆਂ ਕਿਹਾ, “2008 ਵਿੱਚ ਲਾਂਚ ਕੀਤਾ ਗਿਆ ਕਲਾਸਿਕ 350 ਇੱਕ ਆਧੁਨਿਕ ਅਤੇ ਸਮਰੱਥ ਮੋਟਰਸਾਈਕਲ ਸੀ ਜੋ ਬ੍ਰਿਸਿ ਮੋਟਰਸਾਈਕਲ ਉਦਯੋਗ ਦੇ ਸੁਨਹਿਰੀ ਦਿਨਾਂ ਦੇ ਯੁੱਧ ਤੋਂ ਬਾਅਦ ਦੇ ਸਦੀਵੀ ਸਟਾਇਲ ਦਾ ਪ੍ਰਤੀਕ ਸੀ . ਮਨਮੋਹਕ ਡਿਜਾਇਨ ਭਾਸਾ ਅਤੇ ਭਰੋਸੇਯੋਗਤਾ ਦੇ ਨਾਲ ਸਾਦਗੀ ਨੇ ਕਲਾਸਿਕ ਨੂੰ ਵਿਸਵਵਿਆਪੀ ਪ੍ਰਸਿੱਧੀ ਪ੍ਰਦਾਨ ਕੀਤੀ, ਅਤੇ ਇਸਨੇ ਮਿਡਲਵੇਟ (250-750ਸੀਸੀ) ਮੋਟਰਸਾਈਕਲ ਹਿੱਸੇ ਨੂੰ ਮੁੜ ਪਰਿਭਾਸਤ ਕੀਤਾ . ਸਾਡੇ ਇਤਿਹਾਸ ਦੇ ਦੌਰਾਨ, ਅਸੀਂ ਅਜਿਹੇ ਸਦੀਵੀ, ਕਲਾਸਿਕ, ਖੂਬਸੂਰਤ ਮੋਟਰਸਾਈਕਲ ਬਣਾਉਣ ਦੀ ਨਿਰੰਤਰ ਕੋਸਸਿ ਕਰਦੇ ਰਹੇ ਹਾਂ ਜੋ ਸਵਾਰੀ ਕਰਨ ਵਿੱਚ ਬਹੁਤ ਮਜੇਦਾਰ ਹਨ, ਅਤੇ ਨਵਾਂ ਕਲਾਸਿਕ 350 ਅਜਿਹਾ ਹੀ ਮੋਟਰਸਾਈਕਲ ਹੈ . ਨਵਾਂ ਕਲਾਸਿਕ 350 ਇਸ ਸਾਨਦਾਰ, ਸਦੀਵੀ ਡਿਜਾਈਨ ਨੂੰ ਆਧੁਨਿਕ ਅਤੇ ਸਵਾਰੀ ਦੇ ਸੁਧਰੇ ਗਏ ਤਜਰਬੇ ਨਾਲ ਜੋੜਦਾ ਹੈ . ਸਾਡੇ ਆਧੁਨਿਕ ਜੇ-ਸੀਰੀਜ ਇੰਜਣ ਅਤੇ ਨਵੀਂ ਚੈਸੀ ਦੇ ਨਾਲ ਬਣਾਇਆ ਗਿਆ ਕਲਾਸਿਕ 350 ਇੱਕ ਸੁਧਰੀ ਗਈ ਅਤੇ ਰੁਕਾਵਟ ਮੁਕਤ ਰਾਈਡ ਦਾ ਤਜਰਬਾ ਪੇਸ ਕਰਦੇ ਹੋਏ ਲਗਭਗ ਹਰ ਵਾਰ ਸਵਾਰੀ ਕਰਨ ਦਾ ਨਵਾਂ ਅਹਿਸਾਸ ਪ੍ਰਦਾਨ ਕਰਦਾ ਹੈ . ਸਾਨਦਾਰ ਦਿੱਖ ਤੋਂ ਲੈ ਕੇ, ਪਾਰਟਸ ਅਤੇ ਟੱਚਪੁਆਇੰਟ ਵਿੱਚ ਸੰਪੂਰਨਤਾ ਤੱਕ ਅਸੀਂ ਮੋਟਰਸਾਈਕਲ ਦੇ ਹਰ ਪਹਿਲੂ ‘ਤੇ ਬਹੁਤ ਧਿਆਨ ਦਿੱਤਾ ਹੈ . ਬਹੁਤ ਹੀ ਸਮੂਦ, ਤੁਰੰਤ ਪ੍ਰਤੀਕ੍ਰਿਆ ਕਰਨ ਵਾਲਾ ਆਕਰਸਕ ਅਤੇ ਚੰਗੀ ਤਰ੍ਹਾਂ ਕੈਲੀਬ੍ਰੇਟ ਕੀਤਾ ਇੰਜਨ ਐਕਸਿਲਾਰੇਸਨ ਉੱਤੇ ਸਾਨਦਾਰ ਗੜਗੜਾਹਟ ਪੈਦਾ ਕਰਦਾ ਹੈ . ਨਵੀਂ ਚੈਸੀ ਹੈਂਡਲਿੰਗ ਵੇਲੇ ਬਹੁਤ ਜਿਆਦਾ ਆਤਮ ਵਿਸਵਾਸ ਪ੍ਰਦਾਨ ਕਰਦੀ ਹੈ ਅਤੇ ਖਾਸ ਤੌਰ ‘ਤੇ ਤੰਗ ਟ੍ਰੈਫਿਕ ਦੀਆਂ ਸਥਿਤੀਆਂ ਅਤੇ ਗੋਲ ਅਤੇ ਤਿੱਖੇ ਮੋੜਾਂ ਉੱਤੇ ਚੰਗੀ ਪਕੜ ਪ੍ਰਦਾਨ ਕਰਦੀ ਹੈ . ਆਲੀਸਾਨ ਸੀਟਿੰਗ ਅਤੇ ਸਸਪੈਂਸਨ, ਅਤੇ ਸਾਨਦਾਰ ਅਰਗੋਨੋਮਿਕਸ ਨੇ ਨਾਲ ਕਲਾਸਿਕ ਸਵਾਰੀ ਲਈ ਹੁਣ ਤੱਕ ਦਾ ਸਭ ਤੋਂ ਆਰਾਮਦਾਇਕ ਮੋਟਰਸਾਈਕਲ ਹੈ . ਬਿਨਾਂ ਸੱਕ, ਇਹ ਮੋਟਰਸਾਈਕਲ ਕਲਾਸ ਵਿੱਚ ਮੋਹਰੀ ਹੈ ਅਤੇ ਸਵਾਰੀ ਕਰਨ ਵਿੱਚ ਬਹੁਤ ਹੀ ਸਾਨਦਾਰ ਅਤੇ ਅਨੰਦਮਈ ਅਹਿਸਾਸ ਪ੍ਰਦਾਨ ਕਰਦਾ ਹੈ . ਸਾਨੂੰ ਵਿਸਵਾਸ ਹੈ ਕਿ ਬੇਮਿਸਾਲ ਢੰਗ ਨਾਲ ਤਿਆਰ ਕੀਤਾ ਗਿਆ ਨਵਾਂ ਕਲਾਸਿਕ 350 ਇੱਕ ਵਾਰ ਫਿਰ ਵਿਸਵ ਪੱਧਰ ਉੱਤੇ ਮੱਧ-ਆਕਾਰ ਦੀ ਮੋਟਰਸਾਈਕਲ ਸਪੇਸ ਨੂੰ ਮੁੜ ਪਰਿਭਾਸਤ ਕਰੇਗਾ .“ ਸਾਲਾਂ ਦੌਰਾਨ ਕਲਾਸਿਕ ਦੀ ਸਫਲਤਾ ਦੀ ਯਾਦ ਦਿਵਾਉਂਦੇ ਹੋਏ ਅਤੇ ਲਾਂਚ ਉੱਤੇ ਟਿੱਪਣੀ ਕਰਦਿਆਂ ਰੌਇਲ ਐਨਫੀਲਡ ਦੇ ਕਾਰਜਕਾਰੀ ਨਿਰਦੇਸਕ ਬੀ ਗੋਵਿੰਦਰਾਜਨ ਨੇ ਕਿਹਾ, “ਕਲਾਸਿਕ ਭਾਰਤ ਵਿੱਚ ਮਿਡਲਵੇਟ ਹਿੱਸੇ ਨੂੰ ਵਧਾਉਣ ਅਤੇ ਵਿਸਤ੍ਰਿ ਕਰਨ ਵਿੱਚ ਇੱਕ ਬਹੁਤ ਵੱਡਾ ਉਤਪ੍ਰੇਰਕ ਰਿਹਾ ਹੈ, ਅਤੇ ਇਸ ਨੇ ਦੁਨੀਆ ਭਰ ਦੇ ਨੌਜਵਾਨ ਅਤੇ ਤਜਰਬੇਕਾਰ ਸਵਾਰਾਂ ਲਈ ਮਨੋਰੰਜਨ ਦੇ ਉਪ-ਸਭਿਆਚਾਰ ਨੂੰ ਖੋਲ੍ਹਣ ਵਿੱਚ ਵੀ ਮਹੱਤਵਪੂਰਣ ਭੂਮਿਕਾ ਨਿਭਾਈ ਹੈ . ਨਵਾਂ ਕਲਾਸਿਕ 350 ਇਸ ਵਿਰਾਸਤ ਨੂੰ ਅੱਗੇ ਲੈ ਕੇ ਜਾਂਦਾ ਹੈ ਅਤੇ ਇਸਨੂੰ ਜਾਣੀ-ਪਛਾਣੀ ਸਦੀਵੀ ਡਿਜਾਈਨ ਭਾਸਾ ਦੇ ਨਾਲ ਸਵਾਰੀ ਦਾ ਇੱਕ ਆਧੁਨਿਕ ਅਤੇ ਨਵਾਂ ਅਨੁਭਵ ਪ੍ਰਦਾਨ ਕਰਨ ਲਈ ਬਣਾਇਆ ਗਿਆ ਹੈ . ਰੈਟ੍ਰੋ ਅਪੀਲ ਨੂੰ ਪੂਰੀ ਤਰ੍ਹਾਂ ਬਰਕਰਾਰ ਰੱਖਦੇ ਹੋਏ, ਨਵੇਂ ਕਲਾਸਿਕ 350 ਦਾ ਉਦੇਸ ਇਸਦੇ ਨਵੇਂ ਪ੍ਰੀਮੀਅਮ ਫਿਟ ਐਂਡ ਫਿਨਿਸ, ਗ੍ਰਾਉਂਡ-ਅੱਪ ਚੈਸੀ ਅਤੇ ਇੰਜਨ, ਅਤੇ ਸਾਨਦਾਰ ਸਵਾਰੀ ਅਤੇ ਹੈਂਡਲਿੰਗ ਨਾਲ ਵਿਰਾਸਤ ਨੂੰ ਅੱਗੇ ਲਿਜਾਣਾ ਹੈ . ਮਿਡਲਵੇਟ ਮੋਟਰਸਾਈਕਲ ਹਿੱਸੇ ਉੱਤੇ ਗੰਭੀਰ ਫੋਕ, ਅਤੇ ਭਾਰਤੀ ਆਟੋਮੋਬਾਈਲ ਉਦਯੋਗ ਵਿੱਚ ਪ੍ਰੀਮੀਅਮ ਪੱਖ ਦੇ ਰੁਝਾਨ ਵਿੱਚ ਸਾਡੇ ਪੱਕੇ ਵਿਸਵਾਸ ਦੇ ਨਾਲ, ਸਾਨੂੰ ਵਿਸਵਾਸ ਹੈ ਕਿ ਨਵਾਂ ਕਲਾਸਿਕ 350 ਸਾਡੇ ਵਿਕਾਸ ਅਤੇ ਸਾਡੀਆਂ ਇੱਛਾਵਾਂ ਨੂੰ ਹੋਰ ਵਿਕਸਿਤ ਕਰੇਗਾ .“ ਨਵੇਂ ਕਲਾਸਿਕ 350 ਦੇ ਸਾਰੇ ਰੂਪਾਂ ਲਈ ਬੁਕਿੰਗ ਅਤੇ ਟੈਸਟ ਰਾਈਡ ਅੱਜ ਤੋਂ ਭਾਰਤ ਵਿੱਚ ਡੀਲਰਸਪਿਾਂ ਵਿੱਚ ਸੁਰੂ ਹਨ, ਰੈਡਿਚ ਸੀਰੀਜ ਨੂੰ ਛੱਡ ਕੇ ਜੋ ਅਕਤੂਬਰ 2021 ਤੋਂ ਸਟੋਰਾਂ ਵਿੱਚ ਉਪਲਬਧ ਹੋਵੇਗਾ . ਨਵਾਂ ਕਲਾਸਿਕ 350 ਰੈਡਿਚ ਲਈ 1,84,374 ਰੁਪਏ, ਹੈਲਸੀਅਨ ਸੀਰੀਜ ਲਈ 1,93,123 ਰੁਪਏ, ਕਲਾਸਿਕ ਸਿਗਨਲਜ ਲਈ 2,04,367 ਰੁਪਏ, ਡਾਰਕ ਸੀਰੀਜ ਲਈ 2,11,465 ਰੁਪਏ ਅਤੇ ਕਲਾਸਿਕ ਕ੍ਰੋਮ ਲਈ 2,15,118 ਰੁਪਏ (ਸਾਰੇ ਐਕਸ-ਸੋਅਰੂਮ, ਚੇਨੱਈ ਦੀਆਂ ਕੀਮਤਾਂ) ਦੀ ਸੁਰੂਆਤੀ ਕੀਮਤ ਉੱਤੇ ਉਪਲਬਧ ਹੋਵੇਗਾ।

# ਭਾਈ ਘਨ੍ਹਈਆ ਸਿੰਘ ਜੀ ਦੀ ਯਾਦ ਨੂੰ ਸਮਰਪਿਤ 19 ਸਤੰਬਰ ਨੂੰ ਮਨਾਇਆ ਜਾਵੇਗਾ “ਮੱਲ੍ਹਮ ਪੱਟੀ ਦਿਵਸ“ ਸਮਾਗਮ : ਜੱਥੇ. ਨਿਮਾਣਾ



**ਲੁਧਿਆਣਾ/ਲੋਕ ਬਾਣੀ**

)ਮਾਨਵਤਾ ਦੀ ਸੇਵਾ ਦੇ ਮੋਢੀ ਭਾਈ ਘਨ੍ਹਈਆ ਸਿੰਘ ਜੀ ਦੀ ਸੇਵਾ ਪੰਥੀ ਸੋਚ ਨੂੰ ਕੌਮਾਂਤਰੀ ਪੱਧਰ ਤੇ ਉਭਾਰਨਾ ਅਤੇ ਸੰਸਾਰ ਭਰ ਦੇ ਲੋਕ ਉਨ੍ਹਾਂ ਦੇ ਸੇਵਾ ਸਿਧਾਂਤਾਂ ਤੋਂ ਜਾਣੂ ਕਰਵਾਉਣ ਦੇ ਮਿਸ਼ਨ ਨੂੰ ਲੈ ਕੇ ਕਾਰਜ ਕਰ ਰਹੀ ਸੰਸਥਾ ਭਾਈ ਘਨ੍ਹਈਆ ਜੀ ਮਿਸ਼ਨ ਸੇਵਾ ਸੁਸਾਇਟੀ ਵੱਲੋਂ ਗੁਰੂ ਤੇਗ ਬਹਾਦਰ ਚੈਰੀਟੇਬਲ ਹਸਪਤਾਲ ਦੀ ਪ੍ਰਬੰਧਕ ਕਮੇਟੀ ਦੇ ਨਿੱਘੇ ਸਹਿਯੋਗ ਨਾਲ ਸੇਵਾ ਤੇ ਸਿਮਰਨ ਦੇ ਪੁੰਜ ਭਾਈ ਘਨ੍ਹਈਆ ਸਿੰਘ ਜੀ ਦੀ ਯਾਦ ਨੂੰ ਸਮਰਪਿਤ 317ਵਾਂ “ਮਲ੍ਹਮ ਪੱਟੀ ਦਿਵਸ“ ਸਾਲਾਨਾ ਸਮਾਗਮ ਬੜੇ ਸਤਿਕਾਰ ਦੇ ਨਾਲ 19 ਸਤੰਬਰ ਨੂੰ ਸ਼੍ਰੀ ਗੁਰੂ ਤੇਗ ਬਹਾਦਰ ਇੰਸਟੀਚਿਊਟ ਆਫ ਨਰਸਿੰਗ ਕਾਲਜ ਵਿਖੇ ਵੱਡੇ ਸਮਾਗਮ ਦੇ ਰੂਪ ਵੱਜੋਂ ਮਨਾਇਆ ਜਾਵੇਗਾ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਭਾਈ ਘਨ੍ਹਈਆਂ ਜੀ ਮਿਸ਼ਨ ਸੇਵਾ ਸੁਸਾਇਟੀ ਦੇ ਮੁੱਖ ਸੇਵਾਦਾਰ ਜੱਥੇਦਾਰ ਤਰਨਜੀਤ ਸਿੰਘ ਨਿਮਾਣਾ ਅਤੇ ਹਸਪਤਾਲ ਦੀ ਪ੍ਰਬੰਧਕ ਕਮੇਟੀ ਦੇ ਪ੍ਰਮੁੱਖ ਸ. ਅਮਰਦੀਪ ਸਿੰਘ ਬਖਸ਼ੀ ਨੇ ਅੱਜ ਗੁਰੂ ਤੇਗ ਬਹਾਦਰ ਚੈਰੀਟੇਬਲ ਹਸਪਤਾਲ ਦੀ ਪ੍ਰਬੰਧਕ ਕਮੇਟੀ ਦੇ ਪ੍ਰਮੁੱਖ ਅਹੁਦੇਦਾਰਾਂ ਅਤੇ ਸੁਸਾਇਟੀ ਦੇ ਬੋਰਡ ਦੇ ਪ੍ਰਮੁੱਖ ਮੈਬਰਾਂ ਦੀ ਹੋਈ ਵਿਸ਼ੇਸ਼ ਇੱਕਤਰਤਾ ਤੋ ਬਾਅਦ ਪੱਤਰਕਾਰਾਂ ਦੇ ਨਾਲ ਗੱਲਬਾਤ ਕਰਦਿਆਂ ਹੋਇਆਂ ਕੀਤਾ। ਉਨ੍ਹਾਂ ਨੇ ਜਾਣਕਾਰੀ ਦਿੰਦਿਆਂ ਕਿਹਾ ਕਿ ਸ਼੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 400 ਸਾਲਾਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਆਯੋਜਿਤ ਕੀਤੇ ਜਾ ਰਹੇ ਉਕਤ ਸਮਾਗਮ ਅੰਦਰ ਜਿਥੇ ਮਹਾਨ ਖ਼ੂਨਦਾਨ ਕੈਂਪ ਲਗਾਇਆ ਜਾਵੇਗਾ ਉੱਥੇ ਵਿਸ਼ੇਸ਼ ਤੌਰ ਤੇ ਗੁਰਮਤਿ ਸਮਾਗਮ ਦਾ ਆਯੋਜਨ ਵੀ ਕੀਤਾ ਜਾਵੇਗਾ। ਜਿਸ ਵਿੱਚ ਸੇਵਾ ਪੰਥੀ ਸੰਪਰਦਾ ਦੇ ਮੁੱਖੀ ਸੰਤ ਬਾਬਾ ਕਾਹਨ ਸਿੰਘ ਗੋਨਿਆਣਾ ਮੰਡੀ ਵਾਲੇ, ਸੰਤ ਬਾਬਾ ਲੱਖਾਂ ਸਿੰਘ ਮੁੱਖੀ ਨਾਨਕਸਰ ਸੰਪਰਦਾ, ਸਮੇਤ ਕਈ ਪ੍ਰਮੁੱਖ ਧਾਰਮਿਕ ਸ਼ਖਸੀਅਤਾਂ ਆਪਣੀਆਂ ਹਾਜ਼ਰੀਆਂ ਭਰਨਗੀਆਂ।

ਸੁਸਾਇਟੀ ਦੇ ਮੁੱਖ ਬੁਲਾਰਾ ਭਾਈ ਹਰਪਾਲ ਸਿੰਘ ਨਿਮਾਣਾ ਨੇ ਕਿਹਾ ਕਿ “ਮਲਮ ਪੱਟੀ ਦਿਵਸ“ ਨੂੰ ਮਨਾਉਣ ਲਈ ਸੁਸਾਇਟੀ ਵੱਲੋ ਤਿਆਰੀਆਂ ਆਰੰਭ ਕਰ ਦਿੱਤੀਆਂ ਗਈਆਂ ਹਨ। ਇਸ ਮੌਕੇ ਤੇ ਉਨ੍ਹਾਂ ਦੇ ਨਾਲ ਆਰ.ਪੀ ਸਿੰਘ, ਡਾਕਟਰ ਪੁਸਪਿੰਦਰ ਸਿੰਘ, ਪ੍ਰਿੰਸੀਪਲ ਮਿਸਿਜ ਸਵਪਨਾ, ਬਲਜੀਤ ਸਿੰਘ ਮੱਕੜ, ਕਰਨਲ ਰਣਧੀਰ ਸਿੰਘ, ਤਨਜੀਤ ਸਿੰਘ, ਤਰਵਿੰਦਰ ਸਿੰਘ, ਰਿਸੀਪਾਲ ਸਿੰਘ, ਲਕਸਮਣ ਸਿੰਘ ਖਾਲਸਾ ਵਿਸ਼ੇਸ਼ ਤੌਰ ਤੇ ਹਾਜਿਰ ਸਨ।

# ਭੇਦਭਰੀ ਹਾਲਤ ’ਚ ਵਿਆਹੁਤਾ ਦੀ ਮੌਤ, ਪੇਕੇ ਪਰਿਵਾਰ ਨੇ ਸਹੁਰਿਆਂ ਤੇ ਲਾਏ ਗੰਭਰ ਦੋਸ਼

**ਬਰਨਾਲਾ/ਰਮਨਦੀਪ ਧਾਲੀਵਾਲ**

ਬਰਨਾਲਾ ਸ਼ਹਿਰ ਦੇ ਸੇਖਾ ਰੋਡ ਦੀ ਗਲੀ ਨੰਬਰ 5 ਦੀ ਰਹਿਣ ਵਾਲੀ ਇੱਕ ਵਿਆਹੁਤਾ ਦੀ ਬਾਅਦ ਦੁਪਿਹਰ ਭੇਦਭਰੀ ਹਾਲਤ ਵਿੱਚ ਮੌਤ ਹੋ ਗਈ। ਆਪਣੀ ਲਾਡਲੀ ਦੀ ਮੌਤ ਬਾਰੇ ਸੂਚਨਾ ਮਿਲਦਿਆਂ ਹੀ ਮ੍ਰਿਤਕਾ ਦੇ ਪੇਕੇ ਪਰਿਵਾਰ ਦੇ ਮੈਂਬਰ ਵੀ ਪਹੁੰਚ ਗਏ ਅਤੇ ਪੁਲਿਸ ਨੇ ਲਾਸ਼ ਕਬਜੇ ਵਿੱਚ ਲੈ ਕੇ ਮਾਮਲੇ ਦੀ ਤਫਤੀਸ਼ ਅਤੇ ਕਾਨੂੰਨੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

**■ ਮੌਕੇ ਤੇ ਪਹੁੰਚੀ ਪੁਲਿਸ, ਤਫਤੀਸ਼ ਤੇ ਕਾਰਣਾਂ ਦੀ ਜਾਂਚ ਸ਼ੁਰੂ**

ਪ੍ਰਾਪਤ ਜਾਣਕਾਰੀ ਅਨੁਸਾਰ ਅੱਜ ਬਾਅਦ ਦੁਪਿਹਰ ਕਰੀਬ 30/32 ਵਰ੍ਹਿਆਂ ਦੀ ਕੰਚਨ ਗਰਗ ਦੀ ਸ਼ੱਕੀ ਹਾਲਤਾਂ ਵਿੱਚ ਮੌਤ ਹੋ ਗਈ। ਮ੍ਰਿਤਕਾ ਦੇ ਗਲੇ ਤੇ ਨੀਲ ਜਿਹਾ ਨਿਸ਼ਾਨ ਵੀ ਦਿਖਦਾ ਹੈ। ਜਿਸ ਤੋਂ ਪਹਿਲੀ ਨਜ਼ਰੇ ਮਾਮਲਾ ਆਤਮ ਹੱਤਿਆ ਦਾ ਪ੍ਰਤੀਤ ਹੁੰਦਾ ਹੈ, ਪਰੰਤੂ ਕੰਚਨ ਦੇ ਪਰਿਵਾਰਿਕ ਮੈਂਬਰਾਂ ਦਾ ਦੋਸ਼ ਹੈ ਕਿ ਕੰਚਨ ਦੇ ਸਹੁਰਿਆਂ ਨੇ ਉਸ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਹੈ। ਥਾਣਾ ਸਿਟੀ 2 ਬਰਨਾਲਾ ਵਿਖੇ ਤਾਇਨਾਤ ਮਾਮਲੇ ਦੇ ਤਫਤੀਸ਼ ਅਧਿਕਾਰੀ ਏਐਸਆਈ ਅਮਰਜੀਤ ਸਿੰਘ ਨੇ ਕਿਹਾ ਕਿ ਪੁਲਿਸ ਨੈ ਲਾਸ਼ ਕਬਜੇ ਵਿੱਚ ਲੈ ਕੇ ਪੋਸਟਮਾਰਟਮ ਲਈ ਸਿਵਲ ਹਸਪਤਾਲ ਬਰਨਾਲਾ ਦੀ ਮੌਰਚਰੀ ਸੰਭਾਲ ਦਿੱਤੀ ਹੈ। ਮ੍ਰਿਤਕਾ ਦੇ ਵਾਰਿਸਾਂ ਦੇ ਬਿਆਨ ਦੇ ਅਧਾਰ ਪਰ ਉਚਿਤ ਕਾਨੂੰਨੀ ਕਾਰਵਾਈ ਅਮਲ ਵਿੱਚ ਲਿਆਂਦੀ ਜਾ ਰਹੀ ਹੈ। ਉਨਾਂ ਕਿਹਾ ਕਿ ਹਾਲੇ ਤੱਕ ਮ੍ਰਿਤਕਾ ਦੇ ਵਾਰਿਸਾਂ ਨੇ ਪੁਲਿਸ ਕੋਲ ਬਿਆਨ ਕਲਮਬੰਦ ਨਹੀਂ ਕਰਵਾਇਆ ਹੈ।






ਅਦਾਰਾ ‘ਲੋਕ ਬਾਣੀ’ ਵਿੱਚ ਛਾਪੀਆਂ ਜਾਂਦੀਆਂ ਖ਼ਬਰਾਂ, ਰਿਪੋਰਟਾਂ, ਲੇਖ, ਕਹਾਣੀਆਂ, ਕਵਿਤਾਵਾਂ ਅਤੇ ਹਰ ਕਿਸਮ ਦੇ ਇਸ਼ਤਿਹਾਰਾਂ ਵਿੱਚ ਦਿੱਤੀ ਗਈ ਸੂਚਨਾ, ਵਿਚਾਰ ਆਦਿ ਨਾਲ ਅਖ਼ਬਾਰ ਦੇ ਪ੍ਰਬੰਧਕਾਂ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਇਸ ਅਖ਼ਬਾਰ ਵਿੱਚ ਛਪੇ ਇਸ਼ਤਿਹਾਰ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਲਈ ਪ੍ਰਬੰਧਕ ਕੋਈ ਜ਼ਿੰਮੇਵਾਰੀ ਨਹੀਂ ਲੈਂਦੇ ਕਿਉਂਕਿ ਸਾਡਾ ਅਖ਼ਬਾਰ ਇਨ੍ਹਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ/ਸ਼ੁੱਭ ਚਿੰਤਕਾਂ ਨੂੰ ਬੇਨਤੀ ਹੈ ਕਿ ਉਹ ਇਨ੍ਹਾਂ ਇਸ਼ਤਿਹਾਰਾਂ ’ਤੇ ਕੋਈ ਕਾਰਵਾਈ ਕਰਨ ਤੋਂ ਪਹਿਲਾਂ ਤੱਥਾਂ ਦੀ ਪੜਤਾਲ/ਪੁਸ਼ਟੀ ਕਰ ਲੈਣ। -ਸੰਪਾਦਕ

Daily Lok Bani (Punjabi) R.N.I. Punpun 29016/2008 Edior, Owner, Printer, Publisher, Amandeep Mehra Printed at Rachna Printers, Railway Road Jalandhar Place of Publication : 308 Sangam complex Milap Chowk, Jalandhar (India) / Contect No. : 0181-2211009, Fax : 2211009 / Email Id : lokbani08@gmail.com / Webside : lokbani.com

# ਤਲਵੰਡੀ ਸਾਬੋ ਵਿਖੇ ਕਾਂਗਰਸ ਦੀ ਜਨ ਸਭਾ ਵਿਚ ਚੱਲੀ ਗੋਲੀ, ਦੋ ਜ਼ਖ਼ਮੀ

ਤਲਵੰਡੀ ਸਾਬੋ, 2 ਸਤੰਬਰ (ਗੁਰਜੰਟ ਸਿੰਘ ਨਥੇਹਾ)- ਅੱਜ ਤਲਵੰਡੀ ਸਾਬੋ ਵਿਖੇ ਉਸ ਵੇਲੇ ਹਲਚਲ ਮੱਚ ਗਈ ਜਦੋਂ ਕਾਂਗਰਸ ਦੇ ਹਲਕਾ ਸੇਵਾਦਾਰ ਖੁਸ਼ਬਾਜ ਸਿੰਘ ਜਟਾਣਾ ਵੱਲੋਂ ਸ਼ਹਿਰ ਅੰਦਰ ਕੀਤੇ ਵਿਕਾਸ ਨੂੰ ਲੈ ਕੇ ਸ਼ਹਿਰ ਅੰਦਰ ਇਕ ਜਨ ਸਭਾ ਰੱਖੀ ਗਈ ਸੀ ਜਿਸ ਮੌਕੇ ਤਲਵੰਡੀ ਸਾਬੋ ਵਿਖੇ ਅਚਾਨਕ ਗੋਲੀ ਚੱਲ ਗਈ। ਇਸ ਗੋਲੀ ਨਾਲ ਤਲਵੰਡੀ ਸਾਬੋ ਦੇ ਦੋ ਵਿਅਕਤੀ ਗੰਭੀਰ ਰੂਪ ਵਿਚ ਜਖਮੀ ਹੋ ਗਏ ਜਿਨ੍ਹਾਂ ਨੂੰ ਪਹਿਲਾਂ ਤਲਵੰਡੀ ਸਾਬੋ ਅਤੇ ਫਿਰ ਇਕ ਜਖਮੀ ਨੂੰ ਬਠਿੰਡਾ ਦੇ ਇਕ ਹਸਪਤਾਲ ਵਿਖੇ ਭਰਤੀ ਕਰਵਾਇਆ ਗਿਆ। ਪ੍ਰਾਪਤ ਕੀਤੀ ਜਾਣਕਾਰੀ ਅਨੁਸਾਰ ਅੱਜ ਤਲਵੰਡੀ ਸਾਬੋ ਵਿਖੇ ਕਾਂਗਰਸ ਦੇ ਹਲਕਾ ਸੇਵਾਦਾਰ ਖੁਸ਼ਬਾਜ ਸਿੰਘ ਜਟਾਣਾ ਵੱਲੋਂ ਸ਼ਹਿਰ ਦੇ ਗੁਰੂ ਕਾਸ਼ੀ ਕਾਲਜ ਰੋਡ ਉੱਪਰ ਇਕ ਧਰਮਸ਼ਾਲਾ ਦੇ ਕੋਲ ਇਕ ਜਨ ਸਭਾ ਰੱਖੀ ਗਈ ਸੀ, ਇਸ ਸਭਾ ਨੂੰ ਜਿਉਂ ਹੀ ਖੁਸ਼ਬਾਜ ਸਿੰਘ ਜਟਾਣਾ ਵੱਲੋਂ ਸੰਬੋਧਨ ਕਰਨ ਤੋਂ ਬਾਅਦ ਇੰਟਰਲੌਕ ਟਾਈਲਾਂ ਦਾ ਉਦਘਾਟਨ ਕਰਨਾ ਸ਼ੁਰੂ ਕੀਤਾ ਤਾਂ ਅਚਾਨਕ ਕੁਝ ਦੂਰੀ 'ਤੇ ਗੋਲੀ ਚੱਲਣ ਦੀ ਆਵਾਜ਼ ਸੁਣੀ ਜਿਸ ਨਾਲ ਇਕੱਠ ਵਿਚ ਹਫੜਾ ਦਫੜੀ ਮੱਚ ਗਈ। ਦੱਸਿਆ ਜਾ ਰਿਹਾ ਹੈ ਕਿ ਤਲਵੰਡੀ ਸਾਬੋ ਦੇ ਇਕ ਗੰਨਮੈਨ ਦੀ ਰਾਈਫਲ ਹੇਠਾਂ ਡਿੱਗ ਜਾਣ ਕਾਰਨ ਉਸ ਵਿਚੋਂ ਇਹ ਗੋਲੀ ਚੱਲੀ ਹੈ ਜਿਸ ਨਾਲ ਤਲਵੰਡੀ ਸਾਬੋ ਦੇ ਦੋ ਵਿਅਕਤੀ ਦਰਬਾਰਾ ਸਿੰਘ ਪੁੱਤਰ ਸੁਖਵਿੰਦਰ ਸਿੰਘ ਅਤੇ ਪੂਰਨ ਸਿੰਘ ਪੁੱਤਰ ਜੰਟਾ ਸਿੰਘ ਗੰਭੀਰ ਰੂਪ ਵਿੱਚ ਜਖਮੀ ਹੋ ਗਏ ਜਿਨ੍ਹਾਂ ਨੂੰ ਪਹਿਲਾ ਤਲਵੰਡੀ ਸਾਬੋ ਵਿਖੇ ਦਾਖਿਲ ਕਰਵਾਇਆ ਗਿਆ ਅਤੇ ਫਿਰ ਪੂਰਨ ਸਿੰਘ ਨੂੰ ਬਠਿੰਡਾ ਵਿਖੇ ਰੈਫਰ ਕਰ ਦਿੱਤਾ ਗਿਆ ਹੈ ਜਿਥੇ ਉਸ ਦੀ ਹਾਲਤ ਖਤਰੇ ਤੋਂ ਬਾਹਰ ਦੱਸੀ ਜਾ ਰਹੀ ਹੈ। ਉਧਰ ਇਸ ਮਾਮਲੇ ਨੂੰ ਲੈ ਕੇ ਤਲਵੰਡੀ ਸਾਬੋ ਦੀ ਪੁਲਸ ਨੇ ਬਾਰੀਕੀ ਨਾਲ ਜਾਂਚ ਸ਼ੁਰੂ ਕਰ ਦਿੱਤੀ ਹੈ। ਡੀਐੱਸਪੀ ਤਲਵੰਡੀ ਸਾਬੋ ਨੇ ਦੱਸਿਆ ਕਿ ਇਹ ਇਕ ਅਚਾਨਕ ਹੋਈ ਘਟਨਾ ਹੈ ਜਿਸਦੀ ਜਾਂਚ ਕੀਤੀ ਜਾ ਰਹੀ ਹੈ ਜਾਂਚ ਕਰਨ ਤੋਂ ਬਾਅਦ ਹੀ ਖੁਲਾਸਾ ਕੀਤਾ ਜਾ ਸਕਦਾ ਹੈ। ਹੁਣ ਦੇਖਣਾ ਇਹ ਹੋਵੇਗਾ ਕਿ ਇਹ ਗੋਲੀ ਅਚਾਨਕ ਹੀ ਚੱਲੀ ਹੈ ਜਾਂ ਕੋਈ ਹੋਰ ਮਾਮਲਾ ਹੋ ਸਕਦਾ ਹੈ ਇਹ ਪੁਲਿਸ ਦੀ ਜਾਂਚ ਤੋਂ ਬਾਅਦ ਹੀ ਪਤਾ ਲੱਗੇਗਾ। ਫਿਲਹਾਲ ਸ਼ਹਿਰ ਅੰਦਰ ਸਹਿਮ ਦਾ ਮਾਹੌਲ ਹੈ।





# ਖੁਸ਼ਬਾਜ ਜਟਾਣਾ ਦੀ ਤਲਵੰਡੀ ਸਾਬੋ ਸ਼ਹਿਰ 'ਚ ਰੱਖੀ ਮੀਟਿੰਗ ਨੇ ਧਾਰਿਆ ਰੈਲੀ ਦਾ ਰੂਪ





■ ਵਿਧਾਨ ਸਭਾ ਹਲਕਾ ਤਲਵੰਡੀ ਸਾਬੋ ਦੇ ਹਰ ਵਰਗ ਦੀ ਤਰੱਕੀ ਅਤੇ ਖੁਸ਼ਹਾਲੀ ਲਈ ਹਾਂ ਯਤਨਸ਼ੀਲ : ਜਟਾਣਾ

**ਤਲਵੰਡੀ/ਗੁਰਜੰਟ ਸਿੰਘ ਨਥੇਹਾ**

ਵਿਧਾਨ ਸਭਾ ਹਲਕਾ ਤਲਵੰਡੀ ਸਾਬੋ ਦੇ ਹਰ ਵਰਗ ਦੀ ਖੁਸ਼ਹਾਲੀ ਅਤੇ ਤਰੱਕੀ ਲਈ ਹਮੇਸ਼ਾਂ ਯਤਨਸ਼ੀਲ ਰਹਾਂਗਾ, ਭਾਵੇਂ ਇਸ ਲਈ ਕਿੰਨੀ ਵੀ ਮਿਹਨਤ ਕਰਨੀ ਪਵੇ ਪਿੱਛੇ ਨਹੀਂ ਹਟਾਂਗਾ। ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਅੱਜ ਵਿਧਾਨ ਸਭਾ ਹਲਕਾ ਤਲਵੰਡੀ ਸਾਬੋ ਦੇ ਮੁੱਖ ਸੇਵਾਦਾਰ ਖੁਸ਼ਬਾਜ ਸਿੰਘ ਜਟਾਣਾ ਨੇ ਸ਼ਹਿਰ ਤਲਵੰਡੀ ਸਾਬੋ ਦੇ ਵਾਰਡ ਨੰਬਰ 7 ਅਤੇ 8 ਵਿਚ ਰੱਖੀ ਗਈ ਮੀਟਿੰਗ ਜੋ ਰੈਲੀ ਦਾ ਰੂਪ ਧਾਰਨ ਕਰ ਗਈ ਅਤੇ ਹਰ ਵਰਗ ਦਾ ਸਮਰਥਨ ਮਿਲਿਆ ਨੂੰ ਸੰਬੋਧਨ ਕਰਦੇ ਹੋਏ ਕੀਤਾ ਅਤੇ ਕਿਹਾ ਕਿ ਪੰਜਾਬ ਸਰਕਾਰ ਵਲੋਂ ਕਿਸਾਨਾਂ/ ਮਜਦੂਰਾਂ ਦੇ ਮੁਆਫ਼ ਕੀਤੇ ਗਏ ਕਰਜੇ ਨੇ ਸੂਬੇ ਦੀ ਤਸਵੀਰ ਬਦਲ ਕੇ ਰੱਖ ਦਿੱਤੀ ਹੈ, ਕਿਸਾਨ, ਮਜਦੂਰ ਤਰੱਕੀ ਦੀ ਰਾਹ ਵੱਲ ਵਧੇ ਹਨ, ਖੁਦਕੁਸ਼ੀਆਂ ਦਾ ਰਾਹ ਘਟਿਆ ਹੈ। ਵਿਧਾਨ ਸਭਾ ਹਲਕਾ ਤਲਵੰਡੀ ਸਾਬੋ ਦੇ ਵਿਕਾਸ ਲਈ ਵੀ ਗਰਾਂਟਾਂ ਦਿੱਤੀਆਂ, ਜਿਸ ਨਾਲ ਇਸ ਇਲਾਕੇ ਦੀ ਖੁਸ਼ਹਾਲੀ ਦੇ ਰਾਹ ਬਣੇ। ਉਨ੍ਹਾਂ ਕਿਹਾ ਕਿ ਸਰਕਾਰ ਦੀ ਘਰ ਘਰ ਨੌਕਰੀ ਦੀ ਮੁਹਿੰਮ ਨੇ ਬੇਰੁਜਗਾਰੀ ਨੂੰ ਵੀ ਠੱਲ੍ਹ ਪਾਈ ਹੈ, ਪੈਨਸ਼ਨ/ਸ਼ਗਨ ਸਕੀਮ ਦੁੱਗਣੀਆਂ ਕਰ ਕੇ ਵੱਡੀ ਰਾਹਤ ਦਿੱਤੀ ਹੈ। ਉਨ੍ਹਾਂ ਕਿਹਾ ਕਿ ਸਰਕਾਰ ਦੇ ਬਾਕੀ ਰਹਿੰਦੇ ਸਮੇਂ ਵਿਚ ਬਾਕੀ ਰਹਿੰਦੀਆਂ ਮੁਸ਼ਕਲਾਂ ਨੂੰ ਵੀ ਪਹਿਲ ਦੇ ਆਧਾਰ ਤੇ ਹੱਲ ਕਰਵਾਇਆ ਜਾਵੇਗਾ। ਅੱਜ ਦੇ ਭਰਵੇਂ ਇਕੱਠ ਤੋਂ ਗਦਗਦ ਹੁੰਦੇ ਖੁਸ਼ਬਾਜ ਜਟਾਣਾ ਨੇ ਕਿਹਾ ਕਿ ਜੇਕਰ ਹਲਕਾ ਨਿਵਾਸੀਆਂ ਨੇ ਵਿਧਾਨ ਸਭਾ ਦੀਆਂ ਚੋਣਾਂ ਵਿਚ ਤਾਕਤ ਬਖਸ਼ੀ ਤਾਂ ਇਸ ਇਲਾਕੇ ਨੂੰ ਹੋਰ ਤਰੱਕੀ ਵੱਲ ਲਿਜਾਇਆ ਜਾਵੇਗਾ। ਵਿਧਾਨ ਸਭਾ ਹਲਕਾ ਤਲਵੰਡੀ ਸਾਬੋ ਵਿਖੇ ਅੱਜ ਦੀ ਮੀਟਿੰਗ ਨਗਰ ਪੰਚਾਇਤ ਪ੍ਰਧਾਨ ਗੁਰਤਿੰਦਰ ਸਿੰਘ ਰਿੰਪੀ ਮਾਨ ਵਾਈਸ ਪ੍ਰਧਾਨ ਅਜ਼ੀਜ਼ ਖ਼ਾਨ, ਚਿੰਟੂ ਜਿੰਦਲ, ਨਵਦੀਪ ਗੋਲਡੀ, ਸਮੂਹ ਕੌਂਸਲਰ ਅਤੇ ਵਾਰਡ ਨਿਵਾਸੀ ਹਾਜਰ ਸਨ।

# ਅੰਬੂਜਾ ਸੀਮਿੰਟ ਫਾਊਂਡੇਸ਼ਨ ਵੱਲੋਂ ਗੁਲਾਬੀ ਸੁੰਡੀ ਦੇ ਨਰੀਖਣ ਲਈ ਪਿੰਡਾਂ ਵਿੱਚ ਫੇਰੋਮੋਨ ਟਰੈਪ ਲਗਵਾਏ ਗਏ

**ਬਠਿੰਡਾ/ਅਨਿਲ ਜੈਨ**

ਮਾਲਵਾ ਪੱਟੀ ਵਿੱਚ ਨਰਮੇ ਦੀ ਫਸਲ ਉਪਰ ਗੁਲਾਬੀ ਸੁੰਡੀ ਦਾ ਹਮਲਾ ਜਿਆਦਾ ਹੋਣ ਕਰਕੇ ਅੰਬੂਜਾ ਸੀਮਿੰਟ ਫਾਊਂਡੇਸ਼ਨ ਵੱਲੋਂ ਗੁਲਾਬੀ ਸੁੰਡੀ ਲਈ ਬੀ ਸੀ ਆਈ ਪ੍ਰਾਜੈਕਟ ਦੇ ਪ੍ਰੋਡਿਊਸਰ ਯੂਨਿਟ 11 ਦੇ 37 ਪਿੰਡਾਂ ਵਿੱਚ ਵਲੰਟੀਅਰਾਂ ਵੱਲੋਂ 252 ਦੇ ਕਰੀਬ ਫੇਰੋਮੋਨ ਟਰੈਪ ਲਗਵਾਏ ਗਏ। ਪ੍ਰੋਡਿਊਸਰ ਯੂਨਿਟ 11 ਦੇ ਸਟਾਫ ਵੱਲੋਂ ਪਿੰਡਾਂ ਵਿਚ ਜਾ ਕੇ ਕਿਸਾਨ ਨੂੰ ਟਰੈਪ ਦੁਆਰਾ ਗੁਲਾਬੀ ਸੁੰਡੀ ਦੇ ਪਤੰਗੇ ਦਾ ਨਰੀਖਣ ਕਰਨ ਬਾਰੇ ਜਾਣਕਾਰੀ ਦਿੱਤੀ ਗਈ ਅਤੇ ਵਲੰਟੀਅਰਾਂ ਵੱਲੋਂ ਕਿਸਾਨਾਂ ਨੂੰ ਐਪ ਦੁਆਰਾ ਮੋਬਾਈਲ ਫੋਨ ਤੇ ਗੁਲਾਬੀ ਸੁੰਡੀ ਦੇ ਹਮਲੇ ਦਾ ਖਤਰੇ ਦਾ ਨਰੀਖਣ ਕਰਨ ਬਾਰੇ ਜਾਣਕਾਰੀ ਦਿੱਤੀ। ਇਸ ਤਰ੍ਹਾਂ ਕਿਸਾਨਾਂ ਨੂੰ ਗੁਲਾਬੀ ਸੁੰਡੀ ਦੇ ਹਮਲੇ ਦੀ ਪਛਾਣ ਕਰਨ ਲਈ ਦੱਸਿਆ ਕਿ ਜੇਕਰ ਟਰੈਪ ਵਿੱਚ ਚੌਥੇ ਦਿਨ ਦੇਖਣ ਤੇ 5-6 ਗੁਲਾਬੀ ਸੁੰਡੀ ਦੇ ਪਤੰਗੇ ਆਉਂਦੇ ਹਨ ਤਾਂ ਸਪਰੇਅ ਕਰਨ ਦੀ ਲੋੜ ਹੈ ਅਤੇ ਗੁਲਾਬੀ ਸੁੰਡੀ ਦੇ ਹਮਲੇ ਤੋਂ ਬਚਾਅ ਲਈ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਸਿਫਾਰਿਸ਼ ਕੀਤੀਆਂ ਦਵਾਈਆਂ ਬਾਰੇ ਜਾਣਕਾਰੀ ਦਿੱਤੀ ਜਾ ਰਹੀ ਹੈ।



# ਤਰਸੇਮ ਸਿੰਘ ਸਿੱਧੂ ਮਾਨਵਾਲਾ ਨੂੰ ਅਕਾਲੀ ਦਲ ਵੱਲੋਂ ਯੂਥ ਜਰਨਲ ਸਕੱਤਰ ਨਿਯੁਕਤ

**ਰਾਮਾ ਮੰਡੀ/ਅਨਿਲ ਜੈਨ**

ਵਿਧਾਨ ਸਭਾ ਹਲਕਾ ਤਲਵੰਡੀ ਸਾਬੋ ਵਿੱਚ ਸ਼੍ਰੋਮਣੀ ਅਕਾਲੀ ਦਲ ਵੱਲੋਂ ਯੂਥ ਅਕਾਲੀ ਦਲ ਦੇ ਚੰਗੇ ਕੰਮ ਕਰਨ ਵਾਲੇ ਅਤੇ ਮਿਹਨਤੀ ਵਰਕਰਾਂ ਨੂੰ ਵੱਖ ਵੱਖ ਅਹੁਦਿਆਂ ਉੱਪਰ ਨਿਯੁਕਤ ਕੀਤਾ ਗਿਆ, ਜਿਸ ਵਿਚ ਤਰਸੇਮ ਸਿੰਘ ਸਿੱਧੂ ਮਾਨਵਾਲਾ ਨੂੰ ਯੂਥ ਅਕਾਲੀ ਦਲ ਦਾ ਜਲਿ੍ਹ ਸਕੱਤਰ ਨਿਯੁਕਤ ਕੀਤਾ ਗਿਆ ਹੈ। ਇਹ ਨਿਯੁਕਤੀ ਪੱਤਰ ਸ਼੍ਰੋਮਣੀ ਅਕਾਲੀ ਦਲ ਬਸਪਾ ਦੇ ਸਾਂਝੇ ਦਫਤਰ ਵਿੱਚ ਸ਼੍ਰੋਮਣੀ ਅਕਾਲੀ ਦਲ ਦੇ ਹਲਕਾ ਇੰਚਾਰਜ ਜੀਤ ਮੁਹਿੰਦਰ ਸਿੰਘ ਸਿੱਧੂ ਸਾਬਕਾ ਵਿਧਾਇਕ ਅਤੇ ਯੂਥ ਅਕਾਲੀ ਦਲ ਬਠਿੰਡਾ ਦੇ ਪ੍ਰਧਾਨ ਗੁਰਲਾਭ ਸਿੰਘ ਢੇਲਵਾਂ ਨੇ ਸੌਂਪੇ। ਇਸ ਮੌਕੇ ਅਕਾਲੀ ਦਲ ਦੇ ਸਾਰੇ ਸਰਕਲ ਪ੍ਰਧਾਨਾਂ ਦੀ ਹਾਜ਼ਰੀ ਵਿਚ ਸਾਬਕਾ ਵਿਧਾਇਕ ਅਤੇ ਜ਼ਿਲ੍ਹਾ ਪ੍ਰਧਾਨ ਢੇਲਵਾਂ ਅਤੇ ਅਕਾਲੀ ਆਗੂਆਂ ਨੇ ਵਧਾਈ ਦਿੱਤੀ ਅਤੇ ਕਿਹਾ ਕਿ ਵਰਕਰਾਂ ਨੂੰ ਅਕਾਲੀ ਦਲ ਦੀ ਸਰਕਾਰ ਬਣਾਉਣ ਲਈ ਹੁਣੇ ਤੋਂ ਹੀ ਪੂਰੀ ਤਨਦੇਹੀ ਨਾਲ ਚੋਣ ਪ੍ਰਚਾਰ ਵਿੱਚ ਜੁੱਟ ਜਾਣਾ ਚਾਹੀਦਾ ਹੈ। ਇਸ ਮੌਕੇ ਤਰਸੇਮ ਸਿੰਘ ਸਿੱਧੂ ਨੇ ਕਿਹਾ ਕਿ ਉਹ ਆਪਣੀ ਡਿਊਟੀ ਜੋ ਪਾਰਟੀ ਵੱਲੋਂ ਲਗਾਈ ਗਈ ਹੈ, ਪੂਰੀ ਤਨਦੇਹੀ ਨਾਲ ਨਿਭਾਉਣਗੇ ਅਤੇ ਪ੍ਰਚਾਰ ਲਈ ਕੋਈ ਵੀ ਕਸਰ ਬਾਕੀ ਨਹੀਂ ਛੱਡਣਗੇ। ਇਸ ਮੌਕੇ ਸਾਬਕਾ ਵਿਧਾਇਕ ਜੀਤਮਹਿੰਦਰ ਸਿੰਘ ਸਿੱਧੂ ਨੇ ਕਿਹਾ ਕਿ ਪਾਰਟੀ ਲਈ ਦਿਨ ਰਾਤ ਕੰਮ ਕਰਨ ਵਾਲੇ ਵਰਕਰਾਂ ਨੂੰ ਪਾਰਟੀ ਵਿਚ ਮਾਨ ਸਨਮਾਨ ਦੇਣਾ ਪਾਰਟੀ ਦਾ ਫਰਜ਼ ਬਣਦਾ ਹੈ। ਇਸ ਮੌਕੇ ਸਰਦਾਰ ਮੋਹਨ ਸਿੰਘ ਬੰਗੀ ਮੈਂਬਰ ਸ਼੍ਰੋਮਣੀ ਕਮੇਟੀ, ਸੁਖਬੀਰ ਸਿੰਘ ਚੱਠਾ, ਗੁਰਜੀਤ ਸਿੰਘ ਕੋਟਬਖਤੂ ਸਰਕਲ, ਪ੍ਰਧਾਨ ਦਵਿੰਦਰ ਕੋਟ ਬਖਤੂ, ਸਤਿੰਦਰ ਸਿੱਧੂ ਹਲਕਾ ਪ੍ਰਧਾਨ ਯੂਥ ਅਕਾਲੀ ਦਲ, ਅਵਤਾਰ ਸਿੰਘ ਮੈਨੂੰਆਣਾ, ਸ਼ੇਰ ਸਿੰਘ ਸੇਖੂ ਆਦਿ ਹਾਜ਼ਰ ਸਨ।



# ਮਹਾਰਾਣੀ ਪ੍ਰਨੀਤ ਕੌਰ ਨੇ ਇੰਜ. ਬਾਂਸਲ ਨੂੰ ਕੀਤਾ ਪਟਿਆਲਾ ਰਤਨ ਐਵਾਰਡ ਨਾਲ ਸਨਮਾਨਤ

**ਸੰਗਰੂਰ/ਵਰਮਾ**

ਸ਼੍ਰੀ ਰਾਧਾ ਕ੍ਰਿਸ਼ਨ ਜਨ ਸੇਵਾ ਸਮਿਤੀ ਦੇ ਫਾਊਂਡਰ ਪ੍ਰਧਾਨ ਅਨਿਸ਼ ਮੰਗਲਾ ਅਤੇ ਉਨ੍ਹਾਂ ਦੀ ਸੰਸਥਾ ਵੱਲੋਂ ਖੋਲ੍ਹੇ ਗਏ ਜਨ ਸੇਵਾ ਕੇਂਦਰ ਦੇ ਸ਼ੁਭ ਮੌਕੇ ਤੇ ਮੈਂਬਰ ਪਾਰਲੀਮੈਂਟ ਪ੍ਰਨੀਤ ਕੌਰ ਅਤੇ ਕੈਬਨਿਟ ਮੰਤਰੀ ਵਿਜੇਇੰਦਰ ਸਿੰਗਲਾ ਨੇ ਇੰਜ. ਆਰ. ਕੇ. ਬਾਂਸਲ ਨੂੰ ਪਟਿਆਲਾ ਰਤਨ ਐਵਾਰਡ ਨਾਲ ਸਨਮਾਨਿਤ ਕੀਤਾ। ਕਿਉਂਕਿ ਬਾਂਸਲ ਨੇ ਜਨ ਸੇਵਾ ਕੇਂਦਰ ਲਈ ਸਮਾਜਿਕ ਭਾਵ ਦੇ ਤੌਰ ਤੇ ਆਪਣੀ ਆਰਕੀਟੈਕਚਰ ਸੇਵਾਵਾਂ ਨੂੰ ਮੁਫਤ ਦਿੱਤਾ ਹੈ। ਇਸਦੇ ਨਾਲ ਹੀ ਉਨ੍ਹਾਂ ਨੇ ਗਊਸ਼ਾਲਾ ਸਨੌਰ ਰੋਡ ਬਰਸਾਨਾ ਵਿਖੇ ਧਰਮਸ਼ਾਲਾ ਲਈ ਵੀ ਆਪਣੀਆਂ ਸੇਵਾਵਾਂ ਦਿੱਤੀਆਂ ਹਨ। ਇਸ ਮੌਕੇ ਪਰਨੀਤ ਕੌਰ ਨੇ ਕਿਹਾ ਕਿ ਅੱਜ ਇਹੋ ਜਿਹੇ ਸਮਾਜ ਸੇਵੀ ਸੱਜਣਾਂ ਕਾਰਨ ਹੀ ਸਮਾਜਿਕ ਕੰਮ ਅੱਗੇ ਵਧ ਰਹੇ ਹਨ ਅਤੇ ਲੋਕਾਂ ਨੂੰ ਭਰਪੂਰ ਲਾਭ ਮਿਲ ਰਿਹਾ ਹੈ। ਉਨ੍ਹਾਂ ਕਿਹਾ ਕਿ ਅਨਿਸ਼ ਮੰਗਲਾ, ਆਰ. ਕੇ. ਬਾਂਸਲ ਅਤੇ ਸਮੁੱਚੀ ਟੀਮ ਵਧਾਈ ਦੀ ਪਾਤਰ ਹੈ।



# ਬਰਨਾਲਾ ਸ਼ਹਿਰ 'ਚੋਂ 3 ਨਾਬਾਲਿਗ ਕੁੜੀਆਂ ਅਗਵਾ, ਤਲਾਸ਼ ਵਿੱਚ ਰੁੱਝੀ ਪੁਲਿਸ

**ਬਰਨਾਲਾ / ਰਮਨਦੀਪ ਧਾਲੀਵਾਲ**

ਫਿਰ ਖਤਰਾ ਹੁੰਦੈ, ਇੱਜਤ ਨੂੰ ਜਦੋਂ ਘਰ ਵਿੱਚ ਧੀ ਮੁਟਿਆਰ ਹੋਵੇ, ਪ੍ਰਸਿੱਧ ਪੰਜਾਬੀ ਗਾਇਕ ਜੋੜੀ ਸੁਰਿੰਦਰ ਛਿੰਦਾ ਤੇ ਕੁਲਦੀਪ ਕੌਰ ਦਾ ਗਾਇਆ ਇਹ ਦੋਗਾਣਾ ,ਧੀਆਂ ਦੇ ਮਾਪਿਆਂ ਨੂੰ ਮੌਜੂਦਾ ਦੌਰ 'ਚ ਪਹਿਲਾਂ ਤੋਂ ਵੀ ਜਿਆਦਾ ਖਤਰਾ ਡਰਾਉਂਦਾ ਹੈ, ਡਰਾਵੇ ਵੀ ਕਿਉਂ, ਜਦੋਂ ਇੱਕ ਹੀ ਸ਼ਹਿਰ ਦੇ ਵੱਖ ਵੱਖ ਇਲਾਕਿਆਂ 'ਚੋਂ ਦੋ ਦਿਨਾਂ ਵਿੱਚ 3 ਨਾਬਾਲਿਗ ਕੁੜੀਆਂ ਨੂੰ 3 ਲੜਕੇ ਅਗਵਾ ਕਰਕੇ ਫਰਾਰ ਹੋ ਗਏ । ਤਿੰਨੋਂ ਲੜਕੀਆਂ ਦੇ ਪਰਿਵਾਰ ਆਪਣੀਆਂ ਧੀਆਂ ਦੇ ਬਾਰੇ ਡਾਹਢੇ ਫਿਕਰਮੰਦ ਤੇ ਪੁਲਿਸ ਨੇ ਰਮਨਦੀਪ ਸਿੰਘ ਅਤੇ 2 ਹੋਰ ਅਣਪਛਾਤਿਆਂ ਖਿਲਾਫ ਕੇਸ ਦਰਜ਼ ਕਰਕੇ, ਦੋਸ਼ੀਆਂ ਦੀ ਗਿਰਫਤਾਰੀ ਅਤੇ ਅਗਵਾ ਕੁੜੀਆਂ ਦੀ ਬਰਾਮਦਗੀ ਦੀ ਕਵਾਇਦ ਸ਼ੁਰੂ ਕਰ ਦਿੱਤੀ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਅਗਵਾ ਕੀਤੀਆਂ ਲੜਕੀਆਂ ਮਨਦੀਪ ਕੌਰ, ਕਮਲਪ੍ਰੀਤ ਕੌਰ ਅਤੇ ਮਨਪ੍ਰੀਤ ਕੌਰ ਦੀ ਉਮਰ ਕ੍ਰਮਾਨੁਸਾਰ 15/16 ਤੇ 17 ਸਾਲ ਦੇ ਕਰੀਬ ਹੈ। ਸੁਖਪਾਲ ਕੌਰ ਪਤਨੀ ਪ੍ਰਗਟ ਸਿੰਘ ਵਾਸੀ ਗੁਰੂ ਤੇਗ ਬਹਾਦਰ ਨਗਰ ਗਲੀ ਨੰਬਰ 4 ਬਰਨਾਲਾ ਨੇ ਪੁਲਿਸ ਨੂੰ ਦਿੱਤੇ ਬਿਆਨ ਵਿੱਚ ਕਿਹਾ ਕਿ ਉਸ ਦੀ ਬੇਟੀ ਕਮਲਪ੍ਰੀਤ ਕੌਰ ਨੂੰ ਉਸ ਦੇ ਖੇਤਰ ਦਾ ਹੀ ਰਹਿਣ ਵਾਲਾ ਰਮਨਦੀਪ ਸਿੰਘ ਵਿਆਹ ਦਾ ਝਾਂਸਾ ਦੇ ਕੇ ਬਹਿਲਾ ਫੁਸਲਾ ਕੇ ਅਗਵਾ ਕਰਕੇ ਲੈ ਗਿਆ। ਇਸ ਬਿਆਨ ਦੇ ਅਧਾਰ ਤੇ ਥਾਣਾ ਸਿਟੀ 2 ਵਿਖੇ ਕੇਸ ਦਰਜ਼ ਕਰ ਦਿੱਤਾ ਹੈ । ਭੋਲਾ ਸਿੰਘ ਪੁੱਤਰ ਨਛੱਤਰ ਸਿੰਘ ਵਾਸੀ ਚਿੰਤਪੁਰਨੀ ਮੰਦਿਰ , ਰਾਮਗੜੀਆ ਰੋਡ ਬਰਨਾਲਾ ਨੇ ਪੁਲਿਸ ਕੋਲ ਦਿੱਤੇ ਬਿਆਨ 'ਚ ਕਿਹਾ ਕਿ ਉਸ ਦੀ ਬੇਟੀ ਮਨਪ੍ਰੀਤ ਕੌਰ ਨੂੰ ਕੋਈ ਲੜਕਾ ਵਿਆਹ ਦਾ ਝਾਂਸਾ ਦੇ ਕੇ ਬਹਿਲਾ ਫੁਸਲਾ ਕੇ ਅਗਵਾ ਕਰਕੇ ਲੈ ਗਿਆ। ਇਸ ਬਿਆਨ ਦੇ ਅਧਾਰ ਤੇ ਥਾਣਾ ਸਿਟੀ 1 ਵਿਖੇ ਕੇਸ ਦਰਜ਼ ਕਰ ਦਿੱਤਾ ਹੈ । ਇਸੇ ਤਰਾਂ ਸਰਬਜੀਤ ਕੌਰ ਪਤਨੀ ਕਾਲਾ ਸਿੰਘ ਵਾਸੀ ਕੋਠੇ ਸੁਰਜੀਤਪੁਰਾ ਹਾਲ ਵਾਸੀ ਸੇਖਾ ਨੇ ਕਿਹਾ ਕਿ ਉਸ ਦੀ ਬੇਟੀ ਮਨਦੀਪ ਕੌਰ ਨੂੰ ਕੋਈ ਲੜਕਾ ਵਿਆਹ ਦਾ ਝਾਂਸਾ ਦੇ ਕੇ ਬਹਿਲਾ ਫੁਸਲਾ ਕੇ ਅਗਵਾ ਕਰਕੇ ਲੈ ਗਿਆ। ਇਸ ਬਿਆਨ ਦੇ ਅਧਾਰ ਤੇ ਥਾਣਾ ਸਿਟੀ 2 ਵਿਖੇ ਕੇਸ ਦਰਜ਼ ਕਰ ਦਿੱਤਾ ਹੈ । ਡੀ ਐਸ ਪੀ ਲਖਵੀਰ ਸਿੰਘ ਟਿਵਾਣਾ ਨੇ ਕਿਹਾ ਕਿ ਤਿੰਨੋਂ ਘਟਨਾਵਾਂ ਦੇ ਸਬੰਧ ਵਿੱਚ ਪੁਲਿਸ ਨੇ ਕ੍ਰਮਾਨੁਸਾਰ ਥਾਣਾ ਸਿਟੀ 1 ਤੇ ਥਾਣਾ ਸਿਟੀ 2 ਬਰਨਾਲਾ ਵਿਖੇ ਅਧੀਨ ਜੁਰਮ 363/366 ਆਈਪੀਸੀ ਤਹਿਤ ਕੇਸ ਦਰਜ ਕਰਕੇ, ਦੋਸ਼ੀਆਂ ਦੀ ਤਲਾਸ਼ ਸ਼ੁਰੂ ਕਰ ਦਿੱਤੀ ਹੈ। ਜਲਦ ਹੀ ਦੋਸ਼ੀਆਂ ਨੂੰ ਗਿਰਫਤਾਰ ਕਰਕੇ, ਅਗਵਾ ਕੀਤੀਆਂ ਲੜਕੀਆਂ ਨੂੰ ਬਰਾਮਦ ਕਰਕੇ, ਅਗਲੀ ਕਾਨੂੰਨੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।






# ਸਕੱਤਰ ਆਰ. ਟੀ. ਏ. ਵੱਲੋਂ ਬਿਨਾਂ ਹਾਈ ਸਕਿਓਰਿਟੀ ਨੰਬਰ ਪਲੇਟਾਂ ਦੇ ਚਲਦੇ ਵਾਹਨਾਂ ਖਿਲਾਫ਼ ਵਿਸ਼ੇਸ਼ ਮੁਹਿੰਮ ਦੀ ਸ਼ੁਰੂਆਤ, 25 ਚਲਾਨ ਕੀਤੇ

**ਜਲੰਧਰ/ਹਰਬੰਸ ਬਿੱਟੂ**

ਬਿਨਾਂ ਹਾਈ ਸਕਿਓਰਿਟੀ ਨੰਬਰ ਪਲੇਟਾਂ ਦੇ ਚੱਲਣ ਵਾਲੇ ਵਾਹਨਾਂ ਖਿਲਾਫ਼ ਸਖ਼ਤ ਕਾਰਵਾਈ ਕਰਦਿਆਂ ਸਕੱਤਰ ਆਰ.ਟੀ.ਏ. ਹਰਪ੍ਰੀਤ ਸਿੰਘ ਅਟਵਾਲ ਵੱਲੋਂ ਵੀਰਵਾਰ ਨੂੰ ਵਿਸ਼ੇਸ਼ ਮੁਹਿੰਮ ਦੀ ਸ਼ੁਰੂਆਤ ਕਰ ਕੇ ਨਿਯਮਾਂ ਦੀ ਉਲੰਘਣਾ ਕਰਨ ਵਾਲਿਆਂ ਦੇ ਚਲਾਨ ਕੱਟੇ ਗਏ। ਸ੍ਰ.ਅਟਵਾਲ ਵੱਲੋਂ ਸ਼ਹਿਰ ਦੀਆਂ ਵੱਖ-ਵੱਖ ਥਾਵਾਂ 'ਤੇ ਚੈਕਿੰਗ ਮੁਹਿੰਮ ਚਲਾਈ ਗਈ ਅਤੇ ਬਿਨਾਂ ਹਾਈ ਸਕਿਓਰਿਟੀ ਨੰਬਰ ਪਲੇਟਾਂ ਵਾਲੇ 25 ਵਾਹਨਾਂ ਦੇ ਮੌਕੇ 'ਤੇ ਚਲਾਨ ਕੀਤੇ ਗਏ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਸਕੱਤਰ ਆਰ.ਟੀ.ਏ. ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਸਾਰੇ ਵਾਹਨਾਂ ਲਈ ਹਾਈ ਸਕਿਓਰਿਟੀ ਨੰਬਰ ਪਲੇਟਾਂ ਨੂੰ ਲਾਜ਼ਮੀ ਕੀਤਾ ਗਿਆ ਹੈ ਅਤੇ ਉਲੰਘਣਾ ਕਰਨ ਵਾਲਿਆਂ ਨੂੰ ਮੋਟਰ ਵਹੀਕਲ ਐਕਟ ਤਹਿਤ ਜੁਰਮਾਨਾ ਲਗਾਉਣ ਦੀਆਂ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ। ਉਨ੍ਹਾਂ ਕਿਹਾ ਕਿ ਇਸ ਮੁਹਿੰਮ ਨੂੰ ਆਉਣ ਵਾਲੇ ਦਿਨਾਂ ਵਿੱਚ ਵੀ ਜਾਰੀ ਰੱਖਿਆ ਜਾਵੇਗਾ ਤਾਂ ਜੋ ਪੰਜਾਬ ਸਰਕਾਰ ਵੱਲੋਂ ਜਾਰੀ ਆਦੇਸ਼ਾਂ ਨੂੰ ਇੰਨ-ਬਿੰਨ ਲਾਗੂ ਕੀਤਾ ਜਾ ਸਕੇ।

**■ ਕਿਹਾ, ਵਾਹਨ ਮਾਲਕ ਆਰ.ਸੀ. ਬਲੈਕ ਲਿਸਟ ਹੋਣ ਤੋਂ ਬਚਣ ਲਈ ਤੁਰੰਤ ਵਿੰਟੇਜ ਨੰਬਰ ਸਰੰਡਰ ਕਰਨ**

ਜਿਨ੍ਹਾਂ ਵਾਹਨਾਂ ਵੱਲੋਂ ਅਜੇ ਤੱਕ ਆਪਣੇ ਵਿੰਟੇਜ ਨੰਬਰਾਂ ਨੂੰ ਸਰੰਡਰ ਨਹੀਂ ਕੀਤਾ ਗਿਆ ਹੈ, ਉਨ੍ਹਾਂ ਖਿਲਾਫ਼ ਵੀ ਸ਼ਹਿਰ ਵਿੱਚ ਕਾਰਵਾਈ ਸ਼ੁਰੂ ਕਰਦਿਆਂ ਸਕੱਤਰ ਆਰ.ਟੀ.ਏ. ਵੱਲੋਂ ਅਜਿਹੇ ਵਾਹਨਾਂ ਦੀ ਜਾਂਚ ਦੀ ਸ਼ੁਰੂਆਤ ਕੀਤੀ ਗਈ। ਉਨ੍ਹਾਂ ਜ਼ਿਕਰ ਕੀਤਾ ਕਿ ਵੀ.ਆਈ.ਪੀ.ਕਲਚਰ ਨੂੰ ਹਟਾਉਣ ਅਤੇ ਸੂਬੇ ਵਿੱਚ ਸੁਰੱਖਿਆ ਨੂੰ ਵਧਾਉਣ ਲਈ ਪੰਜਾਬ ਸਰਕਾਰ ਵੱਲੋਂ ਵਿੰਟੇਜ ਨੰਬਰਾਂ 'ਤੇ ਪਾਬੰਦੀ ਲਗਾਈ ਗਈ ਹੈ, ਇਸ ਲਈ ਸਾਰੇ ਵਾਹਨ ਮਾਲਕਾਂ ਨੂੰ ਤੁਰੰਤ ਵਿੰਟੇਜ ਨੰਬਰਾਂ ਨੂੰ ਸਰੰਡਰ ਕਰ ਦੇਣਾ ਚਾਹੀਦਾ ਹੈ। ਉਨ੍ਹਾਂ ਸਪੱਸ਼ਟ ਕਿਹਾ ਕਿ ਜ਼ਿਲ੍ਹੇ ਵਿੱਚ ਅਜਿਹੇ ਵਾਹਨਾਂ ਦੀ ਆਰ.ਸੀਜ਼ ਰੱਦ ਕੀਤੀਆਂ ਜਾ ਰਹੀਆਂ ਹਨ ਅਤੇ ਵਾਹਨ ਮਾਲਕ ਇੰਸ਼ੋਰੈਂਸ ਅਤੇ ਹੋਰ ਸਹੂਲਤਾਂ ਦਾ ਲਾਭ ਲੈਣ ਦੇ ਯੋਗ ਨਹੀਂ ਹੋਣਗੇ।


# ਟਿਸਵਾ ਆਪਣੇ ਤੀਜੇ ਸਟੋਰ ਦੇ ਨਾਲ ਨਵੀਂ ਦਿੱਲੀ ਨੂੰ ਰੌਸਨ ਕਰੇਗਾ

**ਲੁਧਿਆਣਾ/ਲੋਕ ਬਾਣੀ**

ਊਸਾ ਇੰਟਰਨੈਸਨਲ ਦੇ ਇੱਕ ਪ੍ਰੀਮੀਅਮ ਸਜਾਵਟੀ ਅਤੇ ਆਰਕੀਟੈਕਚਰਲ ਲਾਈਟਿੰਗ ਬ੍ਰਾਂਡ ਟਿਸਵਾ ਨੇ ਨਵੀਂ ਦਿੱਲੀ ਵਿੱਚ ਆਪਣੇ ਤੀਜੇ ਸਟੋਰ ਦੇ ਦਰਵਾਜੇ ਖੋਲ੍ਹ ਦਿੱਤੇ ਹਨ . ਦੱਖਣੀ ਦਿੱਲੀ ਦੇ ਪ੍ਰਮੁੱਖ ਸਥਾਨਾਂ ਵਿੱਚੋਂ ਇੱਕ ਕੋਟਲਾ (ਡਿਫੈਂਸ ਕਲੋਨੀ) ਵਿੱਚ ਸਥਿਤ, ਨਵਾਂ ਟਿਸਵਾ ਸਟੂਡੀਓ ਆਪਣੇ ਗਾਹਕਾਂ ਦੀ ਜੀਵਨ ਸੈਲੀ ਦੀਆਂ ਰੋਸਨੀ ਦੀਆਂ ਜਰੂਰਤਾਂ ਨੂੰ ਪੂਰਾ ਕਰੇਗਾ, ਜਿਸ ਵਿੱਚ ਬੁਨਿਆਦੀ ਤੋਂ ਲੈ ਕੇ ਉੱਚ ਪੱਧਰ ਤੱਕ ਦਾ ਵਿਸਾਲ ਅਤੇ ਵਿਲੱਖਣ ਸੰਗ੍ਰਹਿ ਸਾਮਿਲ ਹੈ .

ਇਸ ਇਵੈਂਟ ਬਾਰੇ ਬੋਲਦੇ ਹੋਏ ਲਾਈਟਿੰਗ, ਪ੍ਰੀਮੀਅਮ ਫੈਂਜ ਅਤੇ ਵਾਟਰ ਸਲਿਉਸੰਜ ਬਿਜਨਸ ਦੇ ਪ੍ਰਧਾਨ ਅਤੇ ਬਿਜਨਸ ਮੁੱਖੀ ਵਿਕਾਸ ਗਾਂਧੀ ਨੇ ਕਿਹਾ, "ਦੱਖਣੀ ਦਿੱਲੀ ਸਾਡੇ ਲਈ ਇੱਕ ਪ੍ਰਮੁੱਖ ਬਾਜਾਰ ਹੈ ਕਿਉਂਕਿ ਇਹ ਨਾ ਸਿਰਫ ਐਨ.ਸੀ.ਆਰ ਖੇਤਰ ਨਹੀਂ ਬਲਕਿ ਪੂਰੇ ਉੱਤਰ ਭਾਰਤ ਵਿੱਚ ਗਾਹਕਾਂ ਲਈ ਇੱਕ ਕੇਂਦਰ ਵਜੋਂ ਵੀ ਕੰਮ ਕਰਦਾ ਹੈ . ਅਸੀਂ ਦਿੱਲੀ-ਐਨ.ਸੀ.ਆਰ ਅਤੇ ਨੇੜਲੇ ਖੇਤਰਾਂ ਵਿੱਚ ਪ੍ਰੀਮੀਅਮ ਲਾਈਟਿੰਗ ਹੱਲਾਂ ਦੀ ਵਧਦੀ ਮੰਗ ਵੇਖੀ ਹੈ ਕਿਉਂਕਿ ਅੱਜ ਦੇ ਨਵੇਂ ਯੁੱਗ ਦੇ ਘਰ ਦੇ ਮਾਲਕ ਘਰਾਂ, ਦਫਤਰਾਂ ਅਤੇ ਹੋਰ ਥਾਵਾਂ ਤੇ ਰੋਸਨੀ ਦੇ ਨਾਲ ਪ੍ਰਯੋਗ ਕਰਨ ਲਈ ਤਿਆਰ ਹਨ . ਇਹ ਸਹਿਰ ਵਿੱਚ ਸਾਡਾ ਤੀਜਾ ਸਟੋਰ ਹੈ, ਅਤੇ ਅਸੀਂ ਸਕਾਰਾਤਮਕ ਹਾਂ ਕਿ ਇਹ ਛੇਤੀ ਹੀ ਸਾਡੇ ਪ੍ਰੀਮੀਅਮ ਗਾਹਕਾਂ ਦੇ ਆਉਣ ਦਾ ਕੇਂਦਰ ਬਣੇਗਾ ."

"ਜੀਵਨ ਪੱਧਰ ਅਤੇ ਆਸਾਵਾਦੀ ਕਦਰਾਂ ਕੀਮਤਾਂ ਵਿੱਚ ਤਬਦੀਲੀ ਲੋਕਾਂ ਦੀਆਂ ਚੋਣਾਂ ਵਿੱਚ ਪ੍ਰਤੀਬਿੰਬਤ ਹੋ ਰਹੀ ਹੈ ਕਿਉਂਕਿ ਉਹ ਆਪਣੀਆਂ ਸਖਸੀਅਤਾਂ ਅਤੇ ਜਰੂਰਤਾਂ ਦੇ ਅਨੁਕੂਲ ਆਪਣੀ ਜਗ੍ਹਾ ਬਣਾਉਣ ਵਿੱਚ ਨਿਵੇਸ ਕਰਨ ਲਈ ਵੱਧ ਤੋਂ ਵੱਧ ਇੱਛੁਕ ਹਨ . ਇਹ ਸਟੋਰ ਲਾਂਚ ਵੀ ਤਿਉਹਾਰਾਂ ਦੇ ਸੀਜਨ ਦੇ ਬਿਲਕੁਲ ਨਜਦੀਕ ਢੁਕਵੇਂ ਸਮੇਂ ਉੱਤੇ ਆਉਂਦੀ ਹੈ, ਅਤੇ ਅਸੀਂ ਇਨ੍ਹਾਂ ਸੁਭ ਮਹੀਨਿਆਂ ਦੌਰਾਨ ਵਧਦੀ ਮੰਗ ਨੂੰ ਪੂਰਾ ਕਰਨ ਲਈ ਤਿਆਰ ਹਾਂ ." ਉਨ੍ਹਾਂ ਨੇ ਅੱਗੇ ਕਿਹਾ। ਕੋਟਲਾ (ਨਵੀਂ ਦਿੱਲੀ) ਵਿੱਚ ਟਿਸਵਾ ਸਟੂਡੀਓ, ਹੈਂਡ ਕਰਾਫਟੇਡ ਲੂਮਿਨੇਅਰਾਂ ਦੀ ਇੱਕ ਵਿਸਾਲ ਅਤੇ ਵਿਭਿੰਨ ਸ੍ਰੇਣੀ ਦਾ ਮਾਣ ਪ੍ਰਾਪਤ ਕਰੇਗਾ ਜਿਸ ਵਿੱਚ ਬੀਸਪੋਕ ਚਾਂਦੇਲੀਅਰ, ਕ੍ਰਿਸਟਲ ਪੈਂਡੈਂਟਸ, ਐਲ.ਈ.ਡੀ ਲਾਈਟਾਂ, ਏਾਬੀਅੰਟ ਲਾਈਟਾਂ, ਟੇਬਲ ਲੈਂਪਾਂ ਦੇ ਨਾਲ ਨਾਲ ਆਰਕੀਟੈਕਚਰਲ ਅਤੇ ਉਪਯੋਗਤਾ ਲਾਇਟਿੰਗ ਉਤਪਾਦ ਸਾਮਲ ਹਨ . ਇਹ ਟਿਸਵਾ ਦੁਆਰਾ ਨਵੀਨਤਮ ਸਜਾਵਟੀ, ਉਦਯੋਗਿਕ ਅਤੇ ਯੂਟਿਲਿਟੀ ਦੇ ਨਾਲ ਨਾਲ ਆਉਣ ਵਾਲੀ ਤਿਉਹਾਰ ਦੀ ਕੁਲੈਕਸਨ ਦੀ ਮੇਜਬਾਨੀ ਕਰੇਗਾ . ਹਰੇਕ ਟਿਸਵਾ ਉਤਪਾਦ ਅੰਤਰਰਾਸਟਰੀ ਨਿਰਮਾਣ ਮਾਪਦੰਡਾਂ ਦੇ ਅਨੁਕੂਲ ਹੈ, ਅਤੇ ਇਸਨੂੰ ਕਾਰਜਸੀਲ ਅਤੇ ਸੁਹਜ ਸੰਬੰਧੀ ਦੋਵਾਂ ਜਰੂਰਤਾਂ ਨੂੰ ਪੂਰਾ ਕਰਨ ਲਈ ਬਣਾਇਆ ਗਿਆ ਹੈ . ਇਸ ਤੋਂ ਇਲਾਵਾ, ਟਿਸਵਾ ਦਾ ਹੈਂਡ ਕਰਾਫਟੇਡ ਹਰ ਮਾਸਟਰਪੀਸ, ਅਤਿ-ਆਧੁਨਿਕ ਤਕਨੀਕ ਜਿਵੇਂ ਕਿ ਟਿਉਨਬਿਲਟੀ (ਰੰਗ ਨਿਯੰਤਰਣ) ਅਤੇ ਡਿਮੇਬਿਲਟੀ (ਤੀਬਰਤਾ ਨਿਯੰਤਰਣ) ਦਾ ਸੁਮੇਲ ਪੇਸ ਕਰਦੀ ਹੈ।



# ਜ਼ਿਲ੍ਹੇ ਅੰਦਰ 9 ਤੋਂ 17 ਸਤੰਬਰ ਤੱਕ ਪੰਜ ਦਿਨ ਲੱਗਣਗੇ 'ਮੈਗਾ ਰੋਜ਼ਗਾਰ ਮੇਲੇ'-ਡਿਪਟੀ ਕਮਿਸ਼ਨਰ

**ਗੁਰਦਾਸਪੁਰ-ਨਵਨੀਤ ਕੁਮਾਰ**

ਡਿਪਟੀ ਕਮਿਸ਼ਨਰ ਜਨਾਬ ਮੁਹੰਮਦ ਇਸ਼ਫਾਕ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਪੰਜਾਬ ਸਰਕਾਰ ਦੇ 'ਘਰ-ਘਰ ਰੋਜ਼ਗਾਰ ਮਿਸ਼ਨ' ਤਹਿਤ 9 ਸਤੰਬਰ ਤੋਂ 17 ਸਤੰਬਰ 2021 ਤਕ ਜਿਲੇ ਗੁਰਦਸਾਪੁਰ ਅੰਦਰ ਮੈਗਾ ਰੋਜਗਾਰ ਮੇਲੇ ' ਲਗਾਏ ਜਾ ਰਹੇ ਹਨ। ਉਨਾਂ ਬੇਰੁਜ਼ਗਾਰ ਨੋਜਵਾਨਾਂ ਨੂੰ ਇਨਾਂ ਮੈਗਾ ਰੋਜ਼ਗਾਰ ਮੇਲਿਆਂ ਦਾ ਵੱਧ ਤੋ ਵੱਧ ਲਾਹਾ ਲੈਣ ਦੀ ਅਪੀਲ ਕੀਤੀ ਹੈ।



ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਪਹਿਲਾ ਅਤੇ ਦੂਜਾ ਰੋਜ਼ਗਾਰ ਮੇਲਾ 9 ਅਤੇ 10 ਸਤੰਬਰ ਨੂੰ ਗੋਲਡਨ ਕਾਲਜ ਆਫ ਇੰਜੀ.ਐਂਡ ਟੈਕਨਾਲੋਜੀ ਗੁਰਦਾਸਪੁਰ ਵਿਖੇ, ਤੀਜਾ ਰੋਜ਼ਗਾਰ ਮੇਲਾ 14 ਸਤੰਬਰ ਨੂੰ ਐਸ.ਐਸ.ਐਮ ਕਾਲਜ ਦੀਨਾਨਗਰ, ਚੋਥਾ ਅਤੇ ਪੰਜਾਵਾਂ ਰੋਜ਼ਗਾਰ ਮੇਲਾ 16 ਅਤੇ 17 ਸਤੰਬਰ ਨੂੰ ਸਰਕਾਰੀ ਕਾਲਜ ਬਟਾਲਾ ਵਿਖੇ ਲੱਗੇਗਾ। ਉਨਾਂ ਅੱਗੇ ਦੱਸਿਆ ਕਿ ਇਨਾਂ ਰੋਜ਼ਗਾਰ ਮੇਲਿਆਂ ਵਿਚ ਬੇਰੁਜ਼ਗਾਰ ਨੋਜਵਾਨ ਵੱਧ ਤੋਂ ਵੱਧ ਤੋਂ ਰੋਜ਼ਾਗਰ ਪ੍ਰਾਪਤ ਕਰ ਸਕਣ, ਇਸ ਮਕਸਦ ਲਈ ਪਿੰਡਾਂ ਅਤੇ ਸ਼ਹਿਰੀ ਖੇਤਰਾਂ ਵਿਚ ਸਮੂਹ ਵਿਭਾਗਾਂ ਦੇ ਅਧਿਕਾਰੀਆਂ ਨੂੰ ਦਿਸ਼ਾ ਨਿਰਦੇਸ਼ ਦਿੱਤੇ ਗਏ ਹਨ ਤਿ ਉਹ ਆਪਣੇ-ਆਪਣੇ ਖੇਤਰ ਵਿਚ ਇਨਾਂ ਰੋਜਗਾਰ ਮੇਲਿਆਂ ਬਾਰੇ ਲੋਕਾਂ ਨੂੰ ਵੱਧ ਤੋਂ ਵੱਧ ਜਾਗਰੂਕ ਕਰਨ ਤਾਂ ਜੋ ਬੇਰੁਜ਼ਗਾਰ ਨੋਜਵਾਨ ਇਨਾਂ ਮੈਗਾ ਰੋਜ਼ਗਾਰ ਮੇਲਿਆਂ ਦਾ ਲਾਹਾ ਪ੍ਰਾਪਤ ਕਰ ਸਕਣ।

ਪਰਸ਼ੋਤਮ ਸਿੰਘ ਜਿਲਾ ਰੋਜ਼ਗਾਰ ਅਫਸਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਜਿਲਾ ਰੋਜ਼ਗਾਰ ਦਫਤਰ ਵਲੋ ਬੇਰਜ਼ਗਾਰਾਂ ਨੂੰ ਰੋਜ਼ਗਾਰ ਤੇ ਸਵੈ-ਰੋਜ਼ਗਾਰ ਮੁਹੱਈਆ ਕਰਵਾਉਣ ਲਈ ਵਿਸ਼ੇਸ ਯਤਨ ਕੀਤੇ ਗਏ ਹਨ ਅਤੇ ਪੰਜਾਬ ਸਰਕਾਰ ਦੀਆਂ ਹਦਾਇਤਾਂ ਤਹਿਤ ਬੇਰੁਜ਼ਗਾਰ ਨੋਜਵਾਨਾਂ ਨੂੰ ਰੁਜ਼ਾਗਰ ਦਿਵਾਉਣ ਲਈ 9 ਤੋਂ 17 ਸਤੰਬਰ 2021 ਤਕ ਰੋਜ਼ਗਾਰ ਮੇਲੇ ਲਗਾਏ ਜਾ ਰਹੇ ਹਨ। ਉਨਾਂ ਦੱਸਿਆ ਕਿ ਇਨਾਂ ਰੋਜਗਾਮ ਮੇਲਿਆਂ ਵਿਚ ਕਰੀਬ 52 ਕੰਪਨੀਆਂ ਹਿੱਸਾ ਲੈਣਗੀਆਂ ਅਤੇ ਇਨਾਂ ਰੋਜ਼ਗਾਰ ਮੇਲਿਆਂ ਵਿਚ ਅੱਠਵੀਂ ਜਮਾਤ ਪਾਸ ਤੋਂ ਲੈ ਕੇ ਪੋਸਟ ਗਰੇਜੂਏਸ਼ਨ ਤੱਕ ਦੀ ਯੋਗਤਾ ਵਾਲੇ ਸਾਰੇ ਪ੍ਰਾਰਥੀ ਹਿੱਸਾ ਲੈਣ ਸਕਦੇ ਹਨ।

ਉਨਾਂ ਅੱਗੇ ਕਿਹਾ ਕਿ ਚਾਹਵਾਨ ਪ੍ਰਾਰਥੀ ਵਧੇਰੇ ਜਾਣਕਾਰੀ ਲੈਣ ਲਈ ਪ੍ਰਾਰਥੀ ਜਿਲਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ ਬਲਾਕ ਬੀ, ਕਮਰਾ ਨੰਬਰ 217, ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਗੁਰਦਾਸਪੁਰ ਵਿਖੇ ਆ ਕੇ ਵਧੇਰੇ ਜਾਣਕਾਰੀ ਪ੍ਰਾਪਤ ਕਰ ਸਕਦੇ ਹਨ।

ਦੇਸ਼-ਵਿਦੇਸ਼ ਤੋਂ ਅਖ਼ਬਾਰ ਨੂੰ ਪੱਤਰਕਾਰ, ਲੇਖਕਾਂ ਦੀ ਲੋੜ ਹੈ ਚਾਹਵਾਨ ਸੰਪਰਕ ਕਰਨ ਪਤਾ-ਲੋਕ ਬਾਣੀ ਸੰਗਮ ਕੰਪਲੈਕਸ, ਮਿਲਾਪ ਚੌਕ ਜਲੰਧਰ 0181-2211009, 99155-94111